ੴ ਸਤਿਗੁਰ ਪ੍ਰਸਾਦਿ ॥

# ਪੰਜਾਬੀ ਸਭਿਆਚਾਰ ਦਾ ਵਿਸ਼ਵ-ਦ੍ਰਿਸ਼ਟੀਕੋਣ

ਜਥੇਦਾਰ ਗੁਰਚਰਨ ਸਿੰਘ ਟੌਹੜਾ

ਵਿਸ਼ੇਸ਼ ਸਹਿਯੋਗ :
ਅਕਾਡਮੀ ਆਫ਼ ਸਿੱਖ ਰਿਲੀਜਨ ਐਂਡ ਕਲਚਰ
ਪਟਿਆਲਾ ।
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ।
ਬਿਊ ਮਾਊਂਟ ਗੁਰਦੁਆਰਾ, ਰੀਡਿੰਗ (ਅਮਰੀਕਾ)
(ਸ. ਜਸ਼ਿੰਦਰ ਸਿੰਘ ਸਿੱਧੂ ਰਾਹੀਂ)

1997
ਗੁਰੂ ਨਾਨਕ ਦੇਵ ਮਿਸ਼ਨ ਲੜੀ—469

ਗੁਰੂ ਨਾਨਕ ਦੇਵ ਮਿਸ਼ਨ, ਅਕਾਡਮੀ ਆਫ਼ ਸਿੱਖ ਰਿਲੀਜਨ ਐਂਡ ਕਲਚਰ
1, ਢਿੱਲੋਂ ਮਾਰਗ, ਭੁਪਿੰਦਰ ਨਗਰ, ਪਟਿਆਲਾ ।
ਭੇਟਾ : 5-00 ਰੁਪਏ

# ਪੰਜਾਬੀ ਸਭਿਆਚਾਰ ਦਾ ਵਿਸ਼ਵ-ਦ੍ਰਿਸ਼ਟੀਕੋਣ

ਸਭ ਤੋਂ ਪਹਿਲਾ ਤਾਂ ਮੈਂ ਅਮਰੀਕਾ ਦੇ ਇਸ ਪ੍ਰਸਿੱਧ ਸ਼ਹਿਰ ਮਿਲਵਾਕੀ ਵਿਖੇ ਹੋ ਰਹੀ ਪੰਜਵੀਂ ਵਿਸ਼ਵ ਪੰਜਾਬੀ ਕਾਨਫਰੰਸ ਦੇ ਭਾਰਤੀ ਅਤੇ ਅਮਰੀਕੀ ਪ੍ਰਬੰਧਕਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਹਨਾਂ ਨੇ ਮੈਨੂੰ ਦੁਨੀਆਂ ਦੇ ਵਖ ਵਖ ਮੁਲਕਾਂ ਤੋਂ ਆਏ ਪੰਜਾਬੀ ਭਾਈਚਾਰੇ ਨਾਲ ਆਪਣੇ ਵਿਚਾਰ ਸਾਂਝੇ ਕਰਨ ਦਾ ਇਹ ਮਹੱਤਵਪੂਰਨ ਮੰਚ ਅਤੇ ਮੌਕਾ ਪ੍ਰਦਾਨ ਕੀਤਾ ਹੈ। ਪ੍ਰਬੰਧਕ ਇਸ ਲਈ ਵੀ ਵਧਾਈ ਦੇ ਹੱਕਦਾਰ ਹਨ ਕਿਉਂਕਿ ਉਨ੍ਹਾਂ ਨੇ ਇਸ ਕਾਨਫਰੰਸ ਲਈ ਜੋ ਮੁਖ ਵਿਸ਼ਾ ਚੁਣਿਆ ਹੈ, ਉਹ ਬਹੁਤ ਹੀ ਚੁਨੌਤੀ ਭਰਪੂਰ ਹੈ। **'ਪੰਜਾਬੀਅਤ : ਵਿਸ਼ਵ ਦ੍ਰਿਸ਼ਟੀ'** ਜੋ ਇਸ ਕਾਨਫਰੰਸ ਦਾ ਵਿਸ਼ਾ ਹੈ, ਸਾਨੂੰ ਸਾਰਿਆਂ ਨੂੰ ਆਪਣੀ ਰਾਜਨੀਤਕ ਅਤੇ ਸਭਿਆਚਾਰਕ ਪਛਾਣ ਬਾਰੇ ਵਿਸ਼ਵ ਦੀਆਂ ਤਬਦੀਲ ਹੋ ਰਹੀਆਂ ਹਾਲਤਾਂ ਦੇ ਹਵਾਲੇ ਵਿਚ ਕਿਸੇ ਨਵੇਂ ਤਰੀਕੇ ਨਾਲ ਸੋਚ ਵਿਚਾਰ ਕਰਨ ਲਈ ਮਜਬੂਰ ਕਰਦਾ ਹੈ।

ਦੁਨੀਆਂ ਦੇ ਵਿਗਿਆਨੀਆਂ ਵਲੋਂ ਲੰਮੀ ਮਿਹਨਤ ਨਾਲ ਬਣਾਏ ਰਾਕਟ ਵਿਚ ਬੈਠਕੇ ਪੁਲਾੜ ਦੀ ਸੈਰ ਕਰਕੇ ਆਏ ਬੰਦਰ ਬਾਰੇ ਇਹ ਨਹੀਂ ਕਿਹਾ ਜਾ ਸਕਦਾ ਕਿ ਉਸ ਬੰਦਰ ਦੀ ਜਾਤ ਬਰਾਦਰੀ ਸਪੇਸ ਏਜ ਭਾਵ ਪੁਲਾੜ ਯੁਗ ਵਿਚ ਪਹੁੰਚ ਗਈ ਹੈ। ਇਸਦੇ ਉਲਟ ਜਦੋਂ ਇਕ ਭਾਰਤੀ ਵਿਗਿਆਨੀ ਰੂਸੀ ਵਿਗਿਆਨੀਆਂ ਦੁਆਰਾ ਬਣਾਏ ਗਏ ਰਾਕਟ ਵਿਚ ਬੈਠ ਕੇ ਪੁਲਾੜ ਦੇ ਚੱਕਰ ਕੱਟਦਾ ਹੋਇਆ, ਅਤੀ ਆਧੁਨਿਕ ਸੰਚਾਰ ਸਾਧਨਾਂ ਰਾਹੀਂ ਭਾਰਤ ਦੇ ਪ੍ਰਧਾਨ ਮੰਤਰੀ ਨਾਲ ਗੱਲਬਾਤ ਕਰ ਰਿਹਾ ਸੀ, ਤਾਂ ਸਾਰਾ ਭਾਰਤ ਇਸ ਤਰ੍ਹਾਂ ਜਸ਼ਨ ਮਨਾ ਰਿਹਾ ਸੀ ਜਿਵੇਂ ਕਿ ਉਹ ਵੀ ਸਪੇਸ ਏਜ ਵਿਚ ਪਹੁੰਚ ਗਿਆ ਹੋਵੇ। ਕਹਿਣ ਤੋਂ ਭਾਵ ਇਹ ਹੈ ਕਿ ਜਦੋਂ ਪੂਰਬੀ ਪੰਜਾਬ ਜਾਂ ਪੱਛਮੀ ਪੰਜਾਬ ਦਾ ਕੋਈ ਬਸ਼ਿੰਦਾ ਇੰਗਲੈਂਡ ਜਾਂ ਅਮਰੀਕਾ ਵਿਚ ਜਾ ਕੇ ਰੋਟੀ ਕਮਾਉਣ ਲਗ ਪਵੇ ਤਾਂ ਇਹ ਕਹਿਣਾ ਬਹੁਤ ਮੁਸ਼ਕਲ ਹੋਵੇਗਾ ਕਿ ਉਸ ਦੀ ਦ੍ਰਿਸ਼ਟੀ ਵਿਸ਼ਵ ਦ੍ਰਿਸ਼ਟੀ ਹੋ ਗਈ ਹੈ। ਇਸੇ ਤਰ੍ਹਾਂ ਮਿਲਵਾਕੀ ਦੇ ਗੁਰਦੁਆਰੇ ਵਿਚ ਆਸਾ ਦੀ ਵਾਰ ਲਗਾ ਰਹੇ ਰਾਗੀ ਬਾਰੇ ਇਹ ਕਹਿਣਾ ਵੀ ਠੀਕ ਨਹੀਂ ਹੋਵੇਗਾ ਕਿ ਉਸਦੀ ਸਿੱਖੀ ਬਾਰੇ ਕੀਤੀ ਜਾ ਰਹੀ ਸੇਵਾ ਨੇ ਕੋਈ ਵਿਸ਼ਵ ਦ੍ਰਿਸ਼ਟੀਕੋਣ ਅਖਤਿਆਰ ਕਰ ਲਿਆ ਹੈ। ਸੋ **'ਪੰਜਾਬੀਅਤ : ਵਿਸ਼ਵ ਦ੍ਰਿਸ਼ਟੀ** ਕਿਸੇ ਇਕ ਕਾਨਫਰੰਸ ਦਾ ਵਿਸ਼ਾ ਰੱਖ ਲੈਣਾ ਹੋਰ ਗੱਲ ਹੈ, ਪਰ ਇਹ ਜਾਨਣਾ ਕਿ ਅਸੀਂ ਸੱਚ ਮੁੱਚ ਹੀ ਕੋਈ ਵਿਸ਼ਵ ਚੇਤਨਾ ਹਾਸਲ ਕਰ ਲਈ ਹੈ ਤੇ ਫੇਰ ਉਸ ਹਾਸਲ ਹੋਈ ਵਿਸ਼ਵ ਚੇਤਨਾ ਦੇ ਹਵਾਲੇ ਵਿਚ ਆਪਣੀਆਂ ਸਦੀਆਂ ਤੋਂ ਚਲੀਆਂ ਆ ਰਹੀਆਂ ਪਰੰਪਰਾਵਾਂ ਨੂੰ ਮੁੜ ਪ੍ਰੀਭਾਸ਼ਿਤ ਕਰਨ

ਦਾ ਯਤਨ ਕਰਨਾ ਇਕ ਬਹੁਤ ਹੀ ਵੱਖਰਾ ਅਤੇ ਕਠਿਨਾਈ ਭਰਪੂਰ ਕਾਰਜ ਹੈ।

ਪੰਜਾਬੀਅਤ ਦਾ ਪਹਿਲਾ ਸੰਬੰਧ ਪੰਜਾਬ ਨਾਲ ਹੈ। ਭੂਗੋਲਿਕ ਦ੍ਰਿਸ਼ਟੀ ਤੋਂ ਪੰਜਾਬ ਪੰਜ ਦੁਆਬਿਆਂ ਦੀ ਧਰਤੀ ਹੈ। ਇਹ ਦੋਆਬੇ ਹਨ ਸਿੰਧ ਸਾਗਰ ਦੋਆਬ, ਝੱਜ ਦੋਆਬ, ਰਚਨਾ ਦੋਆਬ, ਬਾਰੀ ਦੋਆਬ ਅਤੇ ਬਿਸਤ ਦੋਆਬ। ਪਰ ਇਸ ਪਰਿਭਾਸ਼ਾ ਅਨੁਸਾਰ ਵੀ ਸਿੰਧ ਦਾ ਬਾਹਰਲਾ ਇਲਾਕਾ ਜਿਸ ਵਿਚ ਡੇਰਾ ਇਸਮਾਈਲ ਖ਼ਾਂ ਅਤੇ ਡੇਰਾ ਗਾਜ਼ੀ ਖਾਂ ਦੇ ਮੈਦਾਨੀ ਇਲਾਕੇ ਅਤੇ ਸਤਲੁਜ ਤੋਂ ਲੈਕੇ ਜਮੁਨਾ ਤੱਕ ਦੀ ਪੱਟੀ ਅਤੇ ਉਸਦੇ ਨਾਲ ਲਗਦੇ ਅਰਾਵਲੀ ਦੇ ਮੈਦਾਨ ਅਤੇ ਥਾਰ ਰੇਗਿਸਤਾਨ ਦੇ ਉਪਰ ਘੱਗਰ ਨਦੀ ਦੇ ਸੁੱਕੇ ਥਲ ਵਾਲਾ ਇਲਾਕਾ ਸ਼ਾਮਲ ਹਨ, ਬਾਹਰ ਰਹਿ ਜਾਂਦੇ ਹਨ। ਜੇਕਰ ਇਹ ਸਾਰੇ ਇਲਾਕੇ ਨਹੀਂ ਤਾਂ ਸਤਲੁਜ ਅਤੇ ਘੱਗਰ ਨਦੀ ਦੇ ਵਿਚਕਾਰਲਾ ਇਲਾਕਾ ਤਾਂ ਨਿਸ਼ਚੇ ਹੀ ਭੂਗੋਲਿਕ ਤੌਰ ਤੇ ਪੰਜਾਬ ਦੇ ਨੇੜੇ ਹੈ। ਇਸ ਤਰ੍ਹਾਂ ਭੂਗੋਲਿਕ ਦ੍ਰਿਸ਼ਟੀ ਤੋਂ ਪੂਰਬ ਵਿਚ ਗੰਗਾ ਜਮੁਨਾ ਦੋਆਬ, ਉਤਰ ਵਿਚ ਹਿਮਾਲਿਆ ਪਰਬਤ, ਪੱਛਮ ਵਿਚ ਸਿੰਧ ਅਤੇ ਦੱਖਣ ਵਿਚ ਰਾਜਪੂਤਾਨੇ ਦੇ ਰੇਗਿਸਤਾਨ ਨਾਲ ਘਿਰਿਆ ਹੋਇਆ ਇਹ ਇਲਾਕਾ ਹੀ ਪੰਜਾਬ ਹੈ, ਜਿਸ ਦੀ ਆਪਣੀ ਇਕ ਵਿਲੱਖਣਤਾ ਬਣੀ ਹੋਈ ਹੈ।

ਪਰ ਪੰਜਾਬ ਨੂੰ ਇਸ ਤਰ੍ਹਾਂ ਕੇਵਲ ਕੁਦਰਤੀ ਸਰਹੱਦਾਂ ਰਾਹੀਂ ਹੱਦ ਵਿਚ ਆਉਣ ਵਾਲੇ ਕਿਸੇ ਨਿਸ਼ਚਿਤ ਭੂਗੋਲਿਕ ਖਿੱਤੇ ਦੇ ਰੂਪ ਵਿਚ ਪ੍ਰੀਭਾਸ਼ਿਤ ਕਰਨਾ ਠੀਕ ਨਹੀਂ ਹੈ। ਕਿਸੇ ਇਲਾਕੇ ਦੀ ਪਹਿਚਾਣ ਪੈਦਾ ਕਰਨ ਵਿਚ ਭੂਗੋਲਿਕ ਹੱਦਾਂ ਦੇ ਨਾਲ ਨਾਲ ਸਭਿਆਚਾਰਕ ਤੱਤਾਂ ਦਾ ਵੀ ਆਪਣਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਪ੍ਰਾਚੀਨ ਕਾਲ ਤੋਂ ਹੀ ਪੰਜਾਬ ਸਿੰਧ ਅਤੇ ਇਸਦੀਆਂ ਸਹਾਇਕ ਨਦੀਆਂ ਦੇ ਇਲਾਕਿਆਂ ਵਿਚ ਸੁੰਗੜਦਾ ਅਤੇ ਫੈਲਦਾ ਰਿਹਾ ਹੈ। ਰਿਗ ਵੇਦ ਦੇ ਜ਼ਮਾਨੇ ਵਿਚ ਪੰਜਾਬ ਨੂੰ ਸਪਤ ਸਿੰਧੂ ਭਾਵ ਸਿੰਧ ਦੇ ਸੱਤ ਦਰਿਆਵਾਂ ਦੀ ਧਰਤੀ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਮੁਗ਼ਲ ਕਾਲ ਵਿਚ ਪੰਜਾਬ ਨੂੰ ਇਸਦੀ ਰਾਜਧਾਨੀ ਲਹੌਰ ਦੇ ਨਾਮ ਉਪਰ 'ਸੂਬਾ ਲਹੌਰ' ਦੇ ਨਾਮ ਨਾਲ ਜਾਣਿਆ ਲੱਗ ਪਿਆ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਕ ਪਾਸੇ ਤਾਂ ਲਹੌਲ ਸਪਿਤੀ, ਕਸ਼ਮੀਰ ਅਤੇ ਪਿਸ਼ਾਵਰ ਪੰਜਾਬ ਵਿਚ ਸ਼ਾਮਲ ਸਨ, ਪਰ ਉਥੇ ਦੂਸਰੇ ਪਾਸੇ ਪੂਰਬ ਵਿਚ ਇਸਦੀਆਂ ਸਰਹੱਦਾਂ ਕੇਵਲ ਸਤਲੁਜ ਦਰਿਆ ਤੱਕ ਹੀ ਪਹੁੰਚ ਕੇ ਖਤਮ ਹੋ ਜਾਂਦੀਆਂ ਸਨ। ਅੰਗਰੇਜ਼ੀ ਰਾਜ ਦੌਰਾਨ ਉਤਰੀ ਰਾਜਿਸਥਾਨ, ਸਿੰਧ ਅਤੇ ਬਲੋਚਸਤਾਨ ਪੰਜਾਬ ਵਿਚ ਸ਼ਾਮਲ ਸਨ। ਪੂਰਬ ਵਿਚ ਜਮੁਨਾ ਦਰਿਆ ਅਤੇ ਪੱਛਮ ਵਿਚ ਸੁਲੇਮਾਨ ਪਹਾੜ ਇਸਦੀਆਂ ਸਰਹੱਦਾਂ ਸਨ। ੧੮੫੭ ਦੇ ਗਦਰ ਉਪ੍ਰੰਤ ਦਿੱਲੀ ਅਤੇ ਇਸਦੇ ਲਾਗਲੇ ਇਲਾਕੇ ਵੀ ਪੰਜਾਬ ਵਿਚ ਸ਼ਾਮਲ ਕਰ ਦਿੱਤੇ ਗਏ। ਉਸ ਸਮੇਂ ਪੰਜਾਬ ੧੨੦੦ ਕਿਲੋਮੀਟਰ ਲੰਮਾ ਅਤੇ ੧੦੦੦ ਕਿਲੋਮੀਟਰ ਚੌੜਾ ਸੀ। ਫੇਰ ਹੌਲੀ ਹੌਲੀ ਪੰਜਾਬ ਛਾਂਗਿਆ ਜਾਣ ਲੱਗ ਪਿਆ। ਦਿੱਲੀ ਦੇ ਲਾਗਲੇ ਇਲਾਕਿਆਂ ਨੂੰ ੧੯੧੧ ਈ. ਵਿਚ ਪੰਜਾਬ ਤੋਂ ਅਲਗ ਕਰ ਦਿੱਤਾ ਗਿਆ। ਅੰਗਰੇਜ਼ੀ ਰਾਜ ਦੇ ਖਾਤਮੇ ਤੇ ਪੰਜਾਬ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਗਿਆ। ਅਣਵੰਡੇ ਪੰਜਾਬ ਦੇ ੨੯

ਜਿਲਿਆਂ ਵਿਚ ੮੬ ਪਾਕਿਸਤਾਨ ਵਿਚ ਚਲੇ ਗਏ ਅਤੇ ਬਾਕੀ ਦੇ ੧੩ ਜ਼ਿਲ੍ਹੇ ਭਾਰਤ ਵਿਚ ਰਹਿ ਗਏ । ਪਹਿਲੀ ਨਵੰਬਰ ੧੯੬੬ ਨੂੰ ਪੰਜਾਬ ਦੇ ਪਹਾੜੀ ਇਲਾਕੇ ਹਿਮਾਚਲ ਪ੍ਰਦੇਸ਼ ਵਿਚ ਸ਼ਾਮਲ ਕਰਕੇ ਅਤੇ ਦੱਖਣੀ ਇਲਾਕਿਆਂ ਦਾ ਇਕ ਵੱਖਰਾ ਰਾਜ ਹਰਿਆਣਾ ਸਥਾਪਤ ਕਰਕੇ ਪੰਜਾਬ ਨੂੰ ਬਹੁਤ ਹੀ ਛੋਟਾ ਕਰ ਦਿੱਤਾ ਗਿਆ । ਇਸ ਤਰ੍ਹਾਂ ਉਹ ਪੰਜਾਬ ਜੋ ੧੯ਵੀਂ ਸਦੀ ਦੇ ਅੰਤ ਤੇ ੧੨ ਲੱਖ ਵਰਗ ਕਿਲਮੀਟਰ ਵਿਚ ਫੈਲਿਆ ਹੋਇਆ ਸੀ, ੫੦,੦੦੦ ਵਰਗ ਕਿਲੋਮੀਟਰ ਰਹਿ ਗਿਆ ਭਾਵ ਪੁਰਾਣੇ ਦਾ ਸਾਢੇ ਚਾਰ ਪ੍ਰਤੀਸ਼ਤ ਹੀ ਰਹਿ ਗਿਆ । ਪੰਜਾਬ ਦੀ ਇਸ ਤਕਸੀਮ ਨੂੰ ਪੰਜਾਬ ਦੇ ਬੰਦ ਬੰਦ ਕੱਟੇ ਜਾਣ ਦੀ ਕਹਾਣੀ ਵੀ ਆਖਿਆ ਜਾ ਸਕਦਾ ਹੈ । ਕਈ ਲੇਖਕਾਂ ਨੇ ਇਸ ਨੂੰ ਪੰਜਾਬੀ ਭਾਈਚਾਰੇ ਦੀ ਵੰਡ ਅਤੇ ਲਹੂ ਲੁਹਾਣ ਹੋਈ ਪੰਜਾਬੀ ਕੌਮੀਅਤ ਦੀ ਵੰਡ ਵੀ ਆਖਿਆ ਹੈ । ਪੰਜਾਬੀ ਸ਼ਾਇਰ ਸੁਰਜੀਤ ਸਿੰਘ ਪਾਤਰ ਲਿਖਦੇ ਹਨ ਕਿ, 'ਢਾਈ ਨਦੀਆਂ ਦਾ ਇਹ ਪੰਜਾਬ, ਹੋਵੇਗਾ ਕਿਸੇ ਨੇਤਾ ਲਈ ਪੰਜਾਬ, ਮੈਂ ਨੇਤਾ ਨਹੀਂ ਹਾਂ ।' ਇਹ ਤਨਜ਼ ਪੰਜਾਬ ਦੀ ਸਿਆਸਤ ਵਿਚੋਂ ਕਿਰਦੀ ਕਿਰਦੀ ਕਿਰ ਗਈ ਹੈ ਕਿਉਂਕਿ ਸਿਆਸੀ ਮਜਬੂਰੀਆਂ ਦਾ ਬਾਬਾ ਆਦਮ ਬਿਲਕੁਲ ਨਿਰਾਲਾ ਹੈ ।

ਪਰ ਇਸ ਢਾਈ ਨਦੀਆਂ ਦੇ ਪੰਜਾਬ ਨੂੰ ਸੰਪੂਰਨ ਪੰਜਾਬ ਕਹਿਣ ਲਈ ਕੌਣ ਕਹਿੰਦਾ ਹੈ ? ਇਹ ਠੀਕ ਹੈ ਕਿ ਸੰਪੂਰਨ ਪੰਜਾਬ ਨੂੰ ਪਾਕਿਸਤਾਨੀ ਪੰਜਾਬ, ਭਾਰਤੀ ਪੰਜਾਬ ਅਤੇ ਕਈ ਹੋਰ ਪੰਜਾਬੀ ਬੋਲਦੇ ਇਲਾਕਿਆਂ ਵਿਚ ਵੰਡ ਦਿੱਤਾ ਗਿਆ ਹੈ । ਇਸ ਵਾਸਤੇ ਕਿਸੇ ਵਿਸ਼ੇਸ਼ ਸਿਆਸਤ ਜਾਂ ਕੁਝ ਲੋਕਾਂ ਨੂੰ ਕਸੂਰਵਾਰ ਵੀ ਠਹਿਰਾਇਆ ਜਾ ਸਕਦਾ ਹੈ । ਪਰ ਇਹ ਸਿਆਸੀ ਮਜਬੂਰੀਆਂ ਹੀ ਸਭ ਕੁਝ ਨਹੀਂ ਹੁੰਦੀਆਂ । ਪੰਜਾਬ ਕੇਵਲ ਇਸ ਢਾਈ ਨਦੀਆਂ ਦੇ ਪੰਜਾਬ ਵਿਚ ਹੀ ਨਹੀਂ ਸਗੋਂ ਪਾਕਿਸਤਾਨ, ਅਮਰੀਕਾ, ਅਫਰੀਕਾ, ਇੰਗਲੈਂਡ, ਥਾਈਲੈਂਡ, ਕਨੇਡਾ, ਡੁਬਈ, ਕਲਕੱਤੇ, ਬੰਬਈ, ਡਰਾਈ, ਦਿੱਲੀ, ਚੰਡੀਗੜ੍ਹ, ਹਰਿਆਣਾ, ਹਿਮਾਚਲ ਆਦਿ ਵਿਚ ਪਤਾ ਨਹੀਂ ਕਿਥੇ ਕਿਥੇ ਵਸਦਾ ਹੈ । ਸੋ ਪੰਜਾਬ ਕੇਵਲ ਉਜੜਿਆ ਹੀ ਨਹੀਂ ਸਗੋਂ ਉਜੜ ਕੇ ਥਾਂ ਥਾਂ ਜਾ ਵਸਿਆ ਹੈ । ਮੈਂ ਇਸ ਨਤੀਜੇ ਤੇ ਇਸ ਲਈ ਪਹੁੰਚ ਗਿਆ ਹਾਂ ਕਿਉਂਕਿ ਮੇਰੇ ਗੁਰੂ ਨੇ ਮੇਰੀ ਕੌਮ ਨੂੰ ਉਜੜ ਜਾਣ ਦਾ ਸਰਾਪ ਨਹੀਂ ਵਰਦਾਨ ਦਿੱਤਾ ਹੋਇਆ ਹੈ । ਸੋ ਸਭ ਤੋਂ ਪਹਿਲਾਂ ਤਾਂ ਸਾਨੂੰ ਇਹ ਹਕੀਕਤ ਸਵੀਕਾਰ ਕਰ ਲੈਣੀ ਚਾਹੀਦੀ ਹੈ ਕਿ ਪੰਜਾਬੀ ਸੱਭਿਆਚਾਰ ਕਿਸੇ ਭਾਰਤੀ ਰਾਸ਼ਟਰਵਾਦ, ਪਾਕਿਸਤਾਨੀ ਰਾਸ਼ਟਰ-ਵਾਦ, ਅਮਰੀਕੀ ਰਾਸ਼ਟਰਵਾਦ ਅਤੇ ਯੂਰਪੀ ਰਾਸ਼ਟਰਵਾਦ ਦੇ ਬੰਧਨ ਵਿਚ ਨਹੀਂ ਹੈ । ਪੰਜਾਬੀ ਰਾਸ਼ਟਰਵਾਦ ਦੀ ਪਛਾਣ ਬੇਸ਼ੱਕ ਨਹੀਂ ਹੋਈ ਅਤੇ ਇਸ ਲਈ ਸਾਰੇ ਪੰਜਾਬੀ ਜ਼ੁੰਮੇਵਾਰ ਹਨ । ਪਰ ਇਸ ਵੇਲੇ ਤਾਂ ਸੱਚ ਇਹ ਹੈ ਕਿ ਪੰਜਾਬੀ ਰਾਸ਼ਟਰਵਾਦ, ਇਕ ਸੁਵੱਲੇ ਪੰਜਾਬੀ ਸਭਿਆਚਾਰ ਵਜੋਂ ਦੁਨੀਆਂ ਭਰ ਦੇ ਵਖ ਵਖ ਮੁਲਕਾਂ ਵਿਚ ਫੈਲਿਆ ਹੋਇਆ ਇਕ ਅਜਿਹਾ ਸਭਿਆਚਾਰ ਹੈ, ਜਿਸਨੂੰ ਵਿਦਵਾਨ ਲੋਕਾਂ ਦੀ ਭਾਸ਼ਾ ਵਿਚ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਇਹ ਪਾਰ-ਰਾਸ਼ਟਰੀ ਸਭਿਆਚਾਰ ਹੈ । ਇਸੇ ਨੂੰ ਮੈਂ ਉੱਪਰ ਰਾਸ਼ਟਰੀ

ਹੱਦਾਂ ਤੋਂ ਮੁਕਤ ਪੰਜਾਬੀ ਸਭਿਆਚਾਰ ਆਖਿਆ ਹੈ । ਪਾਰ-ਰਾਸ਼ਟਰੀ ਪੰਜਾਬੀ ਸਭਿਆਚਾਰ ਦੀ ਸਿਰਜਣਾ ਵਿਚ ਅਨੇਕਾਂ ਇਤਿਹਾਸਕ ਘਟਨਾਵਾਂ ਦਾ ਯੋਗਦਾਨ ਸ਼ਾਮਲ ਹੈ । ਇਸ ਵਿਚੋਂ ਕਈਆਂ ਨੂੰ ਅਸੀਂ ਕੌਮੀ ਨੇਤਾਵਾਂ ਦੀ ਗਲਤੀ ਦਾ ਸਿੱਟਾ ਆਖਦੇ ਹਾਂ, ਕਈਆਂ ਨੂੰ ਪੰਜਾਬੀ ਸਭਿਆਚਾਰ ਦੇ ਵੈਰੀਆਂ ਦੀ ਸਾਜਿਸ਼ ਦਸਦੇ ਹਾਂ ਅਤੇ ਕਈਆਂ ਹੋਰਨਾਂ ਨੂੰ ਪੰਜਾਬ ਦੇ ਸਪੁੱਤਰਾਂ ਦੀ ਨੇਕ ਘਾਲ ਕਮਾਈ ਦਾ ਪ੍ਰਗਟਾਵਾ ਪਰਵਾਨ ਕਰ ਸਕਦੇ ਹਾਂ ।

ਇਸ ਲਈ ਅਜੋਕੇ ਪੰਜਾਬੀ ਸਭਿਆਚਾਰ ਦੀ ਪਹਿਲੀ ਪਛਾਣ ਤਾਂ ਇਹ ਹੈ ਕਿ ਇਹ ਕਿਸੇ ਇਕ ਭੂਗੋਲਿਕ ਜਾਂ ਸਿਆਸੀ ਖੇਤਰ ਨਾਲ ਜੁੜਿਆ ਹੋਇਆ ਸਭਿਆਚਾਰ ਨਹੀਂ ਹੈ । ਇਹ ਰਾਸ਼ਟਰੀ ਤੇ ਸਿਆਸੀ ਵਲਗਣਾਂ ਤੋਂ ਮੁਕਤ ਹੈ । ਇਸ ਨੂੰ ਹੁਣ ਕਿਸੇ ਮਿੱਟੀ ਜਾਂ ਧਰਤੀ ਨਾਲ ਜੋੜ ਕੇ ਵੀ ਨਹੀਂ ਵੇਖਿਆ ਜਾ ਸਕਦਾ । ਪੰਜਾਬੀ ਸਭਿਆਚਾਰ ਤਾਂ ਹੁਣ ਇਕ ਵਿਸ਼ਾਲ ਦਰਿਆ ਵਾਂਗ ਹੈ ਜੋ ਕੇਵਲ ਵਿਭਿੰਨ ਧਰਤੀਆਂ ਨੂੰ ਸਿੰਜਦਾ ਹੀ ਨਹੀਂ ਸਗੋਂ ਉਹਨਾਂ ਤਮਾਮ ਧਰਤੀਆਂ ਦੀ ਖੁਸ਼ਬੂ ਵੀ ਆਪਣੇ ਅੰਦਰ ਸਮਾਈ ਤੁਰਿਆ ਜਾ ਰਿਹਾ ਹੈ । ਇਸੇ ਕਰਕੇ ਇਸਦੀ ਭਾਸ਼ਾ ਵਿਚ ਵਿਸ਼ਾਲਤਾ ਅਤੇ ਵਿਭਿੰਨਤਾ ਆ ਗਈ ਹੈ । ਜਦੋਂ ਇਹ ਕਲਕੱਤੇ ਵਿਚੋਂ ਦੀ ਵਗਦਾ ਹੈ ਤਾਂ ਆਪਣੇ ਅੰਦਰ ਬੰਗਲਾ ਦੇ ਸ਼ਬਦ ਜਜ਼ਬ ਕਰ ਲੈਂਦਾ ਹੈ, ਜਦੋਂ ਯੂ. ਪੀ. ਵਿਚ ਆਉਂਦਾ ਹੈ ਤਾਂ ਹਿੰਦੀ ਦੇ, ਜਦੋਂ ਪਾਕਿਸਤਾਨ ਵਿਚ ਜਾਂਦਾ ਹੈ ਤਾਂ ਇਸ ਵਿਚ ਫਾਰਸੀ ਦੇ ਸ਼ਬਦਾਂ ਦੀ ਭਰਮਾਰ ਹੁੰਦੀ ਹੈ । ਇੰਗਲੈਂਡ ਵਿਚ ਜਾਕੇ ਅੰਗਰੇਜ਼ੀ ਭਾਸ਼ਾ ਦੇ ਅਨੇਕਾਂ ਸ਼ਬਦ ਇਸਦੇ ਆਪਣੇ ਹੋ ਜਾਂਦੇ ਹਨ । ਕਿਤੇ ਇਸਦੀ ਲਿੱਪੀ ਗੁਰਮੁਖੀ ਹੈ ਅਤੇ ਕਿਤੇ ਫਾਰਸੀ । ਇਸ ਦ੍ਰਿਸ਼ਟੀ ਤੋਂ ਪੰਜਾਬੀਅਤ ਦਾ ਤਾਂ ਧਰਮ ਵੀ ਇਕ ਨਹੀਂ ਆਖਿਆ ਜਾ ਸਕਦਾ । ਸਿੱਖ, ਮੁਸਲਮਾਨ, ਹਿੰਦੂ, ਈਸਾਈ, ਸਭ ਨੂੰ ਇਸਦਾ ਪਾਣੀ ਮਿੱਠਾ ਲਗਦਾ ਹੈ । ਇਸ ਵਿਭਿੰਨਤਾ ਦੀ ਆਗਿਆ ਦੇ ਆਧਾਰ ਵਿਦਵਾਨ ਲੋਕਾਂ ਨੇ ਗੁਰਬਾਣੀ ਵਿਚੋਂ ਲਭਣ ਦੇ ਯਤਨ ਵੀ ਕੀਤੇ ਹੋਏ ਹਨ । ਸਰਬੱਤ ਦੇ ਭਲੇ ਦਾ ਸਿਧਾਂਤ ਇਸੇ ਨਾਲ ਜੋੜਕੇ ਸਮਝਿਆ ਜਾ ਸਕਦਾ ਹੈ ।

ਪੰਜਾਬ ਦੀ ਪੱਛਮੀ ਪੰਜਾਬ, ਪੂਰਬੀ ਪੰਜਾਬ, ਹਰਿਆਣੇ ਅਤੇ ਹਿਮਾਚਲ ਵਿਚ ਵੰਡ ਨੂੰ ਵੀ ਇਸੇ ਸੰਦਰਭ ਵਿਚ ਦੇਖਣ ਦੀ ਲੋੜ ਹੈ । ਇਕੱਲੀ ਭਾਸ਼ਾ ਆਪਣੇ ਤੌਰ ਤੇ ਕਿਸੇ ਵੀ ਸਭਿਆਚਾਰ ਦਾ ਨਿਰਮਾਣ ਨਹੀਂ ਕਰ ਸਕਦੀ । ਇਕੱਲੇ ਧਾਰਮਿਕ ਅਕੀਦੇ ਵੀ ਸਭਿਆਚਾਰ ਦੇ ਨਿਰਮਾਣ ਦਾ ਕੰਮ ਸੰਪੂਰਨ ਨਹੀਂ ਕਰ ਸਕਦੇ । ਸ਼ਾਇਦ ਇਸੇ ਕਰਕੇ ਪੰਜਾਬੀ ਸਭਿਆ-ਚਾਰ ਤਿੰਨ ਵਖੋ ਵੱਖਰੀਆਂ ਲੀਹਾਂ ਉਪਰ ਉਸਰਦਾ ਰਿਹਾ ਹੈ । ਜਦੋਂ ਇਹ ਵੰਡ ਨਹੀਂ ਵੀ ਹੋਈ ਸੀ, ਉਸ ਵਕਤ ਵੀ ਤਿੰਨ ਪੰਜਾਬ ਉਸਰ ਰਹੇ ਸਨ । ਇਸਲਾਮੀ, ਸਿੱਖ ਅਤੇ ਹਿੰਦੂ ਪਰੰਪਰਾਵਾਂ ਉਪਰ ਉਸਰਨ ਵਾਲੇ ਇਹ ਤਿੰਨ ਪੰਜਾਬ, ਜਿਵੇਂ ਵੰਡ ਤੋਂ ਪਹਿਲਾ ਵਖ ਵਖਰੇਵੇ ਹੋਏ ਵੀ ਇਕ ਸਨ, ਬਿਲਕੁਲ ਉਸੇ ਤਰ੍ਹਾਂ ਅੱਜ ਵੀ ਇਹ ਤਿੰਨੇ ਪੰਜਾਬ ਧਾਰਮਿਕ ਚਾਰਦੀਵਾਰੀਆਂ ਤੋਂ ਬਾਹਰ ਸਿਆਸੀ ਖੋਹਾ ਖਿੰਝੀ ਵਿਚ ਘਿਰ ਜਾਣ ਦੇ

ਬਾਵਜੂਦ ਵੀ ਆਪਣੀ ਵਿਲੱਖਣਤਾ ਕਾਇਮ ਰਖਦੇ ਹੋਏ, ਗੁਰੂ ਦੇ ਨਾਮ ਤੇ ਜਿਊਣ ਵਾਲੇ ਪੰਜਾਬ ਵਜੋਂ ਇਕ ਹਨ। ਹਜ਼ਰਤ ਮੁਹੰਮਦ ਦੇ ਨਾਮ ਉਪਰ ਜਿਊਣ ਵਾਲੇ ਮੁਸਲਮਾਨ ਭਾਈਚਾਰੇ ਦੀ ਬਹੁਗਿਣਤੀ ਵਾਲੇ ਪੱਛਮੀ ਪੰਜਾਬ, ਗੁਰੂਆਂ ਦੇ ਨਾਮ ਉਪਰ ਵਸਣ ਵਾਲੇ ਸਿੱਖ ਭਾਈਚਾਰੇ ਦੀ ਬਹੁਗਿਣਤੀ ਵਾਲੇ ਪੂਰਬੀ ਪੰਜਾਬ ਅਤੇ ਹਿੰਦੂ ਪਰੰਪਰਾਵਾਂ ਦੇ ਆਧਾਰ ਤੇ ਨਿਰਮਿਤ ਹੋਣ ਵਾਲੇ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਆਪੋ ਆਪਣੀ ਨਿਵੇਕਲੀ ਖੁਸ਼ਬੂ ਨਾਲ ਪੰਜਾਬੀ ਸਭਿਆਚਾਰ ਨੂੰ ਅਮੀਰ ਕਰਦੇ ਹੋਏ ਖੁਦ ਆਪਸੀ ਸੰਵਾਦ ਰਾਹੀਂ ਖੁਦ ਵੀ ਅਮੀਰ ਹੋ ਰਹੇ ਹਨ ਅਤੇ ਇਕ ਦੂਜੇ ਨੂੰ ਵੀ ਅਮੀਰ ਕਰ ਰਹੇ ਹਨ। ਲੋੜ ਇਹ ਹੈ ਕਿ ਇਸਦੇ ਸਿਆਸੀਕਰਨ ਤੋਂ ਬਚਕੇ, ਇਸਨੂੰ ਵਧਣ ਫੁਲਣ ਦੇ ਵਧ ਤੋਂ ਵਧ ਮੌਕੇ ਦਿੱਤੇ ਜਾਣ।

ਅਸੀਂ ਸਭ ਜਾਣਦੇ ਹਾਂ ਕਿ ਨਵੀਨਤਾ ਜਾਂ ਤਰੱਕੀ ਭੂਗੋਲਿਕ ਤੌਰ ਤੇ ਫੈਲਣ ਨਾਲ ਜਾਂ ਮਹਿਜ਼ ਵਾਰਸੀ ਹੋਣ ਨਾਲ ਨਹੀਂ, ਸਗੋਂ ਬਾਰ ਬਾਰ ਟੁੱਟਕੇ ਬਾਰ ਬਾਰ ਨਵੀਂ ਤਰ੍ਹਾਂ ਨਾਲ ਜੁੜਨ ਕਰਕੇ ਹੀ ਸਾਹਮਣੇ ਆਉਂਦੀ ਹੈ। ਜਿੰਨੀ ਦੇਰ ਤਕ ਟੁੱਟਦਾ ਨਹੀਂ, ਉਨੀ ਦੇਰ ਤਕ ਨਵੇਂ ਤਰ੍ਹਾਂ ਨਾਲ ਜੁੜਕੇ ਨਵਾਂ ਕਿਵੇਂ ਬਣ ਸਕਦਾ ਹੈ? ਸ਼ਾਇਦ ਇਸੇ ਲਈ ਪੰਜਾਬ ਨੂੰ ਬਾਰ ਬਾਰ ਉਜੜਨ ਦਾ ਸਰਾਪ ਭੋਗਣਾ ਪਿਆ ਹੈ। ਇੰਗਲੈਂਡ ਥਾਂ ਥਾਂ ਤੇ ਜਾ ਕੇ ਵਸਿਆ ਹੈ, ਪਰ ਕਦੇ ਉਜੜ ਕੇ ਨਹੀਂ ਵਸਿਆ, ਟੁੱਟਕੇ ਨਹੀਂ ਜੁੜਿਆ। ਇਸੇ ਲਈ ਉਹ ਨਵਾਂ ਨਹੀਂ ਕੇਵਲ ਬੁੱਢਾ ਹੋਇਆ ਹੈ। ਇਹੋ ਉਸਦਾ ਦੁਖਾਂਤ ਹੈ। ਪਰ ਪੰਜਾਬ ਤਾਂ ਨਿਤ ਮਰਿਆ ਅਤੇ ਨਿਤ ਜੰਮਿਆ ਹੈ। ਇਸ ਲਈ ਕਈ ਹਜ਼ਾਰ ਸਾਲ ਦੀ ਉਮਰ ਭੋਗ ਲੈਣ ਬਾਅਦ ਵੀ ਪੰਜਾਬ ਹਾਲੇ ਜਵਾਨੀ ਵਿਚ ਪੈਰ ਧਰ ਰਿਹਾ ਹੈ। ਪਰ ਇੰਗਲੈਂਡ ਕੁੱਝ ਸਦੀਆਂ ਬਾਅਦ ਹੀ ਬੁੱਢਾ ਹੋ ਗਿਆ ਹੈ। ਸੋ ਪੰਜਾਬੀ ਸਭਿਆਚਾਰ ਦੀ ਵੰਨ ਸਵੰਨਤਾ ਨੂੰ ਖਤਮ ਕਰਕੇ ਸੌੜੇਪਨ ਵਲ ਵਧਣਾ ਪੰਜਾਬ ਦੇ ਹੱਕ ਵਿਚ ਨਹੀਂ ਹੋਵੇਗਾ। ਪੰਜਾਬੀ ਸਭਿਆਚਾਰ ਅੰਦਰ ਇਹ ਵੰਨ ਸਵੰਨਤਾ ਪੈਦਾ ਕਰਨ ਵਿਚ ਧਰਮ ਦਾ ਸਭ ਤੋਂ ਵੱਡਾ ਰੋਲ ਰਿਹਾ ਵੀ ਹੈ ਅਤੇ ਰਹਿਣਾ ਵੀ ਹੈ। ਪੰਜਾਬੀ ਸਭਿਆਚਾਰ ਵਿਚੋਂ ਧਰਮ ਨੂੰ ਮਨਫੀ ਕਰਕੇ ਪੱਛਮੀ ਪਰੰਪਰਾਵਾਂ ਦੇ ਆਧਾਰ ਉਪਰ ਇਸ ਨੂੰ ਧਰਮ ਨਿਰਪੱਖ ਸਰੂਪ ਪ੍ਰਦਾਨ ਕਰਨ ਦੇ ਯਤਨ, ਬਹੁਤ ਵਿਨਾਸ਼ਕਾਰੀ ਹਨ। ਇਹਨਾਂ ਤੋਂ ਬਚਣ ਦੀ ਲੋੜ ਹੈ। ਇਹ ਯਤਨ ਦੁਨੀਆਂ ਦੀਆਂ ਤਮਾਮ ਸਭਿਆਚਾਰਕ ਵੰਨਸਵੰਨਤਾਵਾਂ ਅਤੇ ਉਨ੍ਹਾਂ ਦੇ ਸਦੀਆਂ ਲੰਮੇ ਅਨੁਭਵ ਨੂੰ ਪੱਛਮ ਦੀਆਂ ਆਧੁਨਿਕਤਾਵਾਦੀ ਪਰੰਪਰਾਵਾਂ ਦਾ ਗੁਲਾਮ ਬਣਾਉਣ ਦੀਆਂ ਕੋਸ਼ਿਸ਼ਾਂ ਵਿਚੋਂ ਪੈਦਾ ਹੋ ਰਿਹਾ ਹੈ।

ਸੋ ਅਨੇਕਾਂ ਭੂਗੋਲਿਕ ਖਿੱਤਿਆਂ ਵਿਚ ਵੰਡਿਆ ਹੋਇਆ ਪੰਜਾਬੀ ਸਭਿਆਚਾਰ ਵਖੋ ਵਖਰੇ ਤਜ਼ਰਬੇ ਗ੍ਰਹਿਣ ਕਰ ਰਿਹਾ ਹੈ। ਪਾਕਿਸਤਾਨ ਵਿਚ ਇਹ ਪੂਰੇ ਇਸਲਾਮਿਕ ਜਗਤ ਅਤੇ ਉਸਦੀਆਂ ਇਤਿਹਾਸਕ ਪਰੰਪਰਾਵਾਂ ਨਾਲ ਉਸਦੀ ਮੌਜੂਦਾ ਜੱਦੋ ਜਹਿਦ ਸਮੇਤ ਰਿਸ਼ਤਾ ਜੋੜੀ ਬੈਠਾ ਹੈ। ਭਾਰਤ ਵਿਚ ਹਿੰਦੂ ਸੰਸਕ੍ਰਿਤੀ ਦੀ ਵਿਭਿੰਨਤਾ ਅਤੇ ਉਸਦੇ

ਇਤਿਹਾਸ ਮਿਥਿਹਾਸ ਦੀ ਵਿਸ਼ਾਲਤਾ ਨਾਲ ਨਿਰੰਤਰ ਸੰਵਾਦ ਰਚਾਈ ਰੱਖਣ ਦੇ ਨਾਲ ਨਾਲ ਸਿੱਖ ਸਿਧਾਂਤ, ਸਿੱਖ ਪਰੰਪਰਾਵਾਂ ਅਤੇ ਸਿੱਖ ਇਤਿਹਾਸ ਆਪਣੇ ਸੁਪਨਿਆਂ ਦਾ ਪੁਨਰ ਨਿਰਮਾਣ ਵੀ ਕਰ ਰਿਹਾ ਹੈ। ਯੂਰਪ ਅਤੇ ਅਮਰੀਕਾ ਵਿਚ ਇਹ ਪੱਛਮੀ ਸਭਿਆਚਾਰ, ਵਿਗਿਆਨਕ ਦ੍ਰਿਸ਼ਟੀਕੋਣ ਅਤੇ ਪੂੰਜੀਵਾਦੀ ਸੋਚ ਨੂੰ ਆਪਣਾ ਅੰਗ ਬਣਾਉਣ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੈ। ਇਹਨਾਂ ਵਖੋ ਵਖਰੀਆਂ ਥਾਵਾਂ ਤੇ ਵੱਖੋ ਵੱਖਰੀਆਂ ਸੰਸਕ੍ਰਿਤੀਆਂ ਨਾਲ ਰਚੇ ਜਾ ਰਹੇ ਸੰਵਾਦ ਤੋਂ ਵੀ ਵੱਧ ਮਹੱਤਵਪੂਰਨ ਗੱਲ ਤਾਂ ਇਹ ਹੈ ਕਿ ਵੱਖੋ ਵੱਖਰੇ ਸੰਵਾਦ ਮੌਜੂਦਾ ਵਿਸ਼ਵੀਕਰਨ ਦੇ ਅਮਲ ਰਾਹੀਂ, ਸੰਚਾਰ ਮਾਧਿਅਮਾਂ ਦੀ ਸਹਾਇਤਾ ਨਾਲ ਖੁਦ ਵੀ ਇਕ ਅਜਿਹੇ ਸੰਵਾਦ ਵਿਚ ਬੱਝੇ ਹੋਏ ਹਨ, ਜਿਸਦੀ ਅੱਜ ਦੇ ਯੁੱਗ ਨੂੰ ਬਹੁਤ ਲੋੜ ਹੈ। ਸੋ ਪੰਜਾਬੀ ਸਭਿਆਚਾਰ ਦੀਆਂ ਇਹ ਆਜ਼ਾਦ ਇਕਾਈਆਂ ਜਿਥੇ ਆਪਣੇ ਆਰਥਕ-ਰਾਜਨੀਤਕ ਜਾਂ ਸੰਸਕ੍ਰਿਤਕ ਚੌਗਿਰਦੇ ਨਾਲ ਆਪਣੇ ਵਿਲੱਖਣ ਸੰਵਾਦ ਰਾਹੀਂ ਆਪਣੀ ਇਕ ਨਿਵੇਕਲੀ ਪਛਾਣ ਪੈਦਾ ਕਰ ਰਹੀਆਂ ਹਨ, ਉਥੇ ਇਹ ਨਿਵੇਕਲੇਪਣ ਨਾਲ ਰਚਾਏ ਜਾ ਰਹੇ ਲਗਾਤਾਰ ਸੰਵਾਦ ਰਾਹੀਂ ਇਕ ਸਰਬਸਾਂਝੀ ਵਿਸ਼ਵ ਪਛਾਣ ਵੀ ਪੈਦਾ ਕਰ ਰਹੀਆਂ ਹਨ। ਪਰ ਪੰਜਾਬੀ ਸਭਿਆਚਾਰ ਦੀ ਇਸ ਵਿਸ਼ਵ ਚੇਤਨਾ ਦਾ ਆਧਾਰ ਪੱਛਮ ਦੀ ਆਧੁਨਿਕਤਾਵਾਦੀ ਵਿਚਾਰਧਾਰਾ ਨਹੀਂ ਹੈ ਸਗੋਂ ਵੰਨਸਵੰਨਤਾ ਦੀ ਪਛਾਣ, ਵਰਤਮਾਨ ਉਤੇ ਸਰਦਾਰੀ ਕਰਨ ਦਾ ਚਾਅ, ਸੰਵਾਦ ਦਾ ਚਾਅ ਅਤੇ ਵਿਕਾਸ ਲਈ ਚੜ੍ਹਦੀ ਕਲਾ ਨਾਲ ਜੂਝਣ ਦੀ ਰੀਝ ਨੂੰ ਮੰਨਿਆ ਜਾ ਸਕਦਾ ਹੈ।

ਅੱਜਕਲ੍ਹ ਭਾਰਤੀ ਪੰਜਾਬ ਅੰਦਰ ਲਿਖੀ ਅਤੇ ਬੋਲੀ ਜਾ ਰਹੀ ਪੰਜਾਬੀ ਉਪਰ ਇਹ ਇਲਜ਼ਾਮ ਹੈ ਕਿ ਉਹ ਆਪਣੇ ਖਾਸੇ ਤੋਂ ਦੂਰ ਹੁੰਦੀ ਜਾ ਰਹੀ ਹੈ ਅਤੇ ਹਿੰਦੀ ਅਤੇ ਸੰਸਕ੍ਰਿਤ ਭਾਸ਼ਾ ਦੇ ਭਾਰ ਥੱਲੇ ਦਬਦੀ ਜਾ ਰਹੀ ਹੈ। ਪਾਕਿਸਤਾਨ ਵਿਚ ਪੰਜਾਬੀ ਜ਼ੁਬਾਨ ਉਪਰ ਫਾਰਸੀ ਦੇ ਵਧ ਰਹੇ ਪ੍ਰਭਾਵਾਂ ਦਾ ਰੌਲਾ ਪਾਇਆ ਜਾ ਰਿਹਾ ਹੈ। ਵਿਦੇਸ਼ਾਂ ਵਿਚ ਅੰਗਰੇਜ਼ੀ, ਫਰਾਂਸੀਸੀ, ਜਰਮਨ ਆਦਿ ਭਾਸ਼ਾਵਾਂ ਦੇ ਦਖਲ ਦੀ ਗੱਲ ਹੋਣੀ ਸ਼ੁਰੂ ਹੋ ਰਹੀ ਹੈ। ਜੇਕਰ ਪੁਰਾਣਾ ਜ਼ਮਾਨਾ ਹੁੰਦਾ ਤਾਂ ਇਹ ਸੱਚ ਮੁੱਚ ਹੀ ਖਤਰੇ ਵਾਲੀ ਗੱਲ ਸੀ। ਵੱਖੋ ਵੱਖਰੇ ਖਿੱਤਿਆਂ ਵਿਚ ਵੱਖੋ ਵੱਖਰੇ ਪ੍ਰਭਾਵ ਕਬੂਲ ਕਰ ਰਹੇ ਪੰਜਾਬੀ ਦੇ ਇਹ ਵੱਖੋ ਵੱਖਰੇ ਸਰੂਪ, ਵੱਖੋ ਵੱਖਰੀਆਂ ਭਾਸ਼ਾਵਾਂ ਵਿਚ ਤਬਦੀਲ ਹੋ ਸਕਦੇ ਸਨ। ਪਰ ਅੱਜ ਪਾਰ-ਰਾਸ਼ਟਰੀ ਸੰਚਾਰ ਮਾਧਿਅਮਾਂ ਰਾਹੀਂ ਵੱਖੋ ਵੱਖਰੇ ਖਿੱਤਿਆਂ ਵਿਚ ਬੋਲੇ ਜਾ ਰਹੇ ਪੰਜਾਬ ਦੇ ਵੱਖ ਵੱਖ ਸਰੂਪਾਂ ਵਿਚ ਇਕ ਸਾਂਝਾ ਸੰਵਾਦ ਪੈਦਾ ਕਰਕੇ ਇਕ ਨਵੀਂ ਚੇਤਨਾ, ਜਿਸਨੂੰ ਵਿਸ਼ਵ ਪੰਜਾਬੀ ਚੇਤਨਾ ਆਖਿਆ ਜਾ ਸਕਦਾ ਹੈ, ਪੈਦਾ ਹੋ ਰਹੀ ਹੈ। ਪਰ ਇਹ ਸੰਵਾਦ ਤਦ ਹੀ ਸੰਭਵ ਹੋ ਸਕਦਾ ਹੈ ਜਦੋਂ ਉਹ ਸਾਰੇ ਦੇਸ਼, ਜਿਥੇ ਪੰਜਾਬੀ ਭਾਈਚਾਰਾ ਫੈਲਿਆ ਹੋਇਆ ਹੈ, ਸੰਸਕ੍ਰਿਤਕ ਆਦਾਨ ਪ੍ਰਦਾਨ ਨੂੰ ਉਤਸ਼ਾਹਿਤ ਕਰਨ ਲਈ ਉਤਸੁਕ ਹੋਣ ਅਤੇ ਇਕ ਦੂਜੇ ਨੂੰ ਸਹਿਯੋਗ ਦੇਣ ਦੇ ਪ੍ਰੋਗ੍ਰਾਮ ਬਨਾਉਣ। ਇਸ ਦ੍ਰਿਸ਼ਟੀ ਤੋਂ ਭਾਰਤ-ਪਾਕਿਸਤਾਨ ਸਬੰਧ ਇਕ ਵਿਸ਼ੇਸ਼ ਮਹੱਤਵ ਦੇ ਧਾਰਨੀ ਹੋ ਜਾਂਦੇ ਹਨ। ਜੇਕਰ ਸਰਕਾਰਾਂ ਆਪਸੀ ਸਹਿਯੋਗ ਰਾਹੀਂ ਪੰਜਾਬੀ

ਸਭਿਆਚਾਰ ਦੇ ਵਿਕਾਸ ਵਿਚ ਸਹਾਈ ਹੋ ਸਕਦੀਆਂ ਹਨ ਤਾਂ ਪੰਜਾਬੀ ਸਭਿਆਚਾਰ ਦੀਆਂ ਵਿਸ਼ਵ ਵਿਆਪੀ ਗਤੀਵਿਧੀਆਂ ਆਪਣੀਆਂ ਸਰਕਾਰਾਂ ਵਿਚ ਸਹਿਯੋਗ ਅਤੇ ਮਿਲਵਰਤਣ ਪੈਦਾ ਕਰਨ ਲਈ ਉਸ ਤੋਂ ਵੀ ਵਧੇਰੇ ਸਹਿਯੋਗੀ ਸਾਬਤ ਹੋ ਸਕਦੀਆਂ ਹਨ। ਮਿਲਵਾਕੀ ਵਿਖੇ ਹੋ ਰਹੀ ਇਸ ਪੰਜਵੀਂ ਵਿਸ਼ਵ ਪੰਜਾਬੀ ਕਾਨਫਰੰਸ ਨੂੰ ਮੈਂ ਇਸੇ ਰੌਸ਼ਨੀ ਵਿਚ ਵੇਖ ਰਿਹਾ ਹਾਂ ਕਿ ਇਹ ਪੰਜਾਬੀ ਸਭਿਆਚਾਰ ਦੇ ਮਾਧਿਅਮ ਰਾਹੀਂ ਭਾਰਤ, ਪਾਕਿਸਤਾਨ ਅਤੇ ਅਮਰੀਕਾ ਵਿਚਕਾਰ ਆਪਸੀ ਸਹਿਯੋਗ ਦਾ ਇਕ ਨਵਾਂ ਅਧਿਆਇ ਸ਼ੁਰੂ ਕਰਨ ਵਿਚ ਮਹੱਤਵਪੂਰਨ ਰੋਲ ਨਿਭਾਏਗੀ।

ਸਿੱਖਾਂ ਦੀ ਚੁਣੀ ਹੋਈ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਹੋਣ ਦੇ ਨਾਤੇ ਇਹ ਮੇਰਾ ਫਰਜ਼ ਬਣਦਾ ਹੈ ਕਿ ਵਿਦਵਾਨਾਂ ਦੇ ਇਸ ਇਕੱਠ ਵਿਚ ਮੈਂ ਤੁਹਾਡੇ ਨਾਲ ਸਿੱਖੀ ਅਤੇ ਸਿੱਖ ਪਛਾਣ ਬਾਰੇ ਆਪਣੇ ਵਿਚਾਰ ਸਾਂਝੇ ਕਰਾਂ। ਪ੍ਰਧਾਨ ਨਾ ਵੀ ਹੁੰਦਾ ਤਾਂ ਵੀ ਮੈਨੂੰ ਇਹ ਖਿਆਲ ਰਹਿਣਾ ਸੀ ਕਿ ਮੈਂ ਪੰਜਾਬੀ ਹੋਣ ਦੇ ਨਾਲ ਨਾਲ ਸਿੱਖ ਵੀ ਹਾਂ। ਮੈਂ ਪੰਜਾਬੀਅਤ ਤੋਂ ਸਿੱਖ ਤਕ ਦਾ ਸਫਰ ਤੁਹਾਡੇ ਨਾਲ ਸਾਂਝਾ ਕੀਤਾ ਹੈ ਅਤੇ ਹੁਣ ਸਿੱਖੀ ਅਤੇ ਸਿੱਖ ਪਛਾਣ ਬਾਰੇ ਵੀ ਸੰਖੇਪ ਵਿਚ ਗੱਲ ਕਰ ਰਿਹਾ ਹਾਂ। ਇਹੋ ਜਿਹੇ ਚੋਣਵੇਂ ਇਕੱਠ ਵਿਚ ਇਹ ਪੱਖ ਮੈਨੂੰ ਤੁਹਾਡੇ ਨਾਲ ਸਾਂਝਾ ਕਰਨਾ ਚਾਹੀਦਾ ਹੈ।

ਧਰਮ ਅਤੇ ਭਾਸ਼ਾ ਨਿਰਸੰਦੇਹ ਸੁਤੰਤਰ ਇਕਾਈਆਂ ਹਨ ਪਰ ਫਿਰ ਵੀ ਸੱਚ ਇਹੀ ਜਾਪਦਾ ਹੈ ਕਿ ਧਰਮ ਅਤੇ ਭਾਸ਼ਾ ਨੂੰ ਨਿਖੇੜਕੇ ਨਹੀਂ ਵੇਖਿਆ ਜਾ ਸਕਦਾ ਕਿਉਂਕਿ ਹਰ ਧਰਮ ਦੀ ਇਕ ਭਾਸ਼ਾ ਹੁੰਦੀ ਹੀ ਹੈ ਅਤੇ ਹਰ ਭਾਸ਼ਾ ਦਾ ਇਕ ਧਰਮ ਵੀ ਹੁੰਦਾ ਹੈ। ਇਸਦੇ ਬਾਵਜੂਦ ਇਕ ਅਜਿਹੀ ਸੀਮਾਂ ਰੇਖਾ ਵੀ ਖਿੱਚੀ ਜਾ ਸਕਦੀ ਹੈ, ਜਿਸਤੋਂ ਅੱਗੇ ਧਰਮ ਨੂੰ ਭਾਸ਼ਾ ਦਾ ਕੋਈ ਬੰਧਨ ਨਹੀਂ ਹੁੰਦਾ ਅਤੇ ਭਾਸ਼ਾ ਨੂੰ ਧਰਮ ਦਾ ਕੋਈ ਬੰਧਨ ਨਹੀਂ ਹੁੰਦਾ। ਵਿਦਵਾਨ ਲੋਕ ਇਸਨੂੰ ਵੱਖ ਵੱਖ ਢੰਗਾਂ ਨਾਲ ਪੇਸ਼ ਕਰਦੇ ਰਹੇ ਹਨ। ਸਪੱਸ਼ਟ ਕਰਨ ਲਈ ਕਿਹਾ ਜਾ ਸਕਦਾ ਹੈ ਕਿ ਈਸਾਈਅਤ ਸਾਰੀ ਦੁਨੀਆਂ ਵਿਚ ਫੈਲ ਚੁਕੀ ਹੈ। ਈਸਾਈਅਤ ਦੇ ਪਰਚਾਰ ਵਾਸਤੇ ਬਹੁਤ ਸਾਰੀਆਂ ਵੱਖ ਵੱਖ ਭਾਸ਼ਾਵਾਂ ਦੀ ਵਰਤੋਂ ਵੀ ਹੋਈ ਹੈ ਪਰੰਤੂ ਅੰਗ੍ਰੇਜ਼ੀ ਤੋਂ ਬਿਨਾਂ, ਹੋਰ ਕਿਸੇ ਭਾਸ਼ਾ ਵਾਸਤੇ ਈਸਾਈਅਤ ਦੀ ਵਰਤੋਂ ਨਹੀਂ ਹੋ ਸਕੀ। ਜੋ ਸਬੰਧ ਅੰਗ੍ਰੇਜ਼ੀ ਭਾਸ਼ਾ ਅਤੇ ਈਸਾਈਅਤ ਦਾ ਹੈ, ਉਹੀ ਸਬੰਧ ਪੰਜਾਬੀ ਅਤੇ ਸਿੱਖੀ ਦਾ ਹੈ। ਇਸ ਉਦਾਹਰਣ ਨਾਲ ਮੈਂ ਇਹ ਨੁਕਤਾ ਸਾਹਮਣੇ ਲਿਆਉਣਾ ਚਾਹੁੰਦਾ ਹਾਂ ਕਿ ਸਿੱਖੀ ਦੀ ਭਾਸ਼ਾ ਪੰਜਾਬੀ ਹੈ ਅਤੇ ਪੰਜਾਬੀ ਨੂੰ ਸਿੱਖ ਧਰਮ ਨਾਲੋਂ ਨਿਖੇੜਕੇ ਨਹੀਂ ਵੇਖਿਆ ਜਾ ਸਕਦਾ। ਇਸਦਾ ਕਾਰਨ ਨਿਰਸੰਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਨੂੰ ਹੀ ਮੰਨਿਆ ਜਾਂਦਾ ਹੈ। ਪਰ ਇਸਦੇ ਕਾਰਨਾਂ ਵਿਚ ਉਨ੍ਹਾਂ ਸਾਰੇ ਨੁਕਤਿਆਂ ਨੂੰ ਵੀ ਗਿਣਿਆ ਜਾਣਾ ਚਾਹੀਦਾ ਹੈ, ਜਿਨ੍ਹਾਂ ਦਾ ਪਿਛੇ ਮੈਂ ਜ਼ਿਕਰ ਕਰ ਚੁਕਾ ਹਾਂ। ਇਸਦੇ ਬਾਵਜੂਦ ਸੱਚ ਇਹੀ ਹੈ ਕਿ ਸਿੱਖ ਧਰਮ ਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਬਾਣੀ ਹੈ ਅਤੇ ਬਾਣੀ ਦੀ ਭਾਸ਼ਾ ਪੰਜਾਬੀ ਹੈ। ਸੋ ਪੰਜਾਬੀ ਨਾਲੋਂ ਵਿਛੜੀ ਹੋਈ ਸਿੱਖੀ ਦੀ ਕਲਪਨਾ ਹੀ ਨਹੀਂ

ਕੀਤੀ ਜਾ ਸਕਦੀ । ਇਸ ਨਾਲ ਸਿੱਖ ਅਤੇ ਪੰਜਾਬੀ ਬੋਲੀ ਦਾ ਉਹੀ ਤਹਿਸੂਦਾ ਰਿਸ਼ਤਾ ਪਰਵਾਨ ਕੀਤਾ ਜਾਣਾ ਚਾਹੀਦਾ ਹੈ, ਜਿਹੜਾ ਧਰਮ ਅਤੇ ਭਾਸ਼ਾ ਦਾ ਰਿਸ਼ਤਾ ਪਹਿਲਾਂ ਹੀ ਤਹਿਸ਼ੁਦਾ ਪਰਵਾਨ ਕੀਤਾ ਜਾ ਚੁਕਾ ਹੈ । ਪਰ ਇਥੇ ਇਹ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਧਰਮ ਅਤੇ ਭਾਸ਼ਾ ਵਿਚੋਂ ਪਹਿਲ ਧਰਮ ਨੂੰ ਪ੍ਰਾਪਤ ਹੈ । ਸੋ ਭਾਸ਼ਾ ਧਰਮ ਵਾਸਤੇ ਤਾਂ ਹੈ ਪਰ ਧਰਮ ਨੂੰ ਭਾਸ਼ਾ ਦਾ ਕੋਈ ਬੰਧਨ ਨਹੀਂ ਹੈ । ਇਸਨੂੰ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਨਾ ਹੀ ਧਰਮ ਦੀ ਈਜਾਰੇਦਾਰੀ ਭਾਸ਼ਾ ਕੋਲ ਹੈ ਅਤੇ ਨਾ ਹੀ ਭਾਸ਼ਾ ਦੀ ਈਜਾਰੇਦਾਰੀ ਕਿਸੇ ਇਕ ਧਰਮ ਕੋਲ ਹੋਣੀ ਚਾਹੀਦੀ ਹੈ । ਇਸ ਨਾਲ ਇਸ ਨਤੀਜੇ ਤੇ ਸੌਖਿਆਂ ਹੀ ਪਹੁੰਚਿਆ ਜਾ ਸਕਦਾ ਹੈ ਕਿ ਪੰਜਾਬੀ ਕੇਵਲ ਸਿੱਖਾਂ ਦੀ ਬੋਲੀ ਨਹੀਂ ਹੈ ਸਗੋਂ ਸਾਰੇ ਪੰਜਾਬ ਦੀ ਬੋਲੀ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਧੰਨ ਗੁਰੂ ਨਾਨਕ ਦੇਵ ਜੀ ਨੇ ਦੋ ਵਾਰ ਬੋਲੀ ਬਾਰੇ ਟਿੱਪਣੀ ਕੀਤੀ ਹੋਈ ਹੈ । ਦੋਵੇਂ ਵਾਰ ਭਾਵਨਾ ਇਹ ਪ੍ਰਗਟ ਕੀਤੀ ਗਈ ਹੈ ਕਿ ਧਰਮ ਦੇ ਮੁਦਈ ਜੇ ਧਰਮ ਦੀ ਬੋਲੀ ਵੱਲ ਪਿੱਠ ਕਰ ਲੈਣ ਤਾਂ ਉਨ੍ਹਾਂ ਦਾ ਧਿਆਨ ਹੌਲੀ ਹੌਲੀ ਆਪਣੀ ਬੋਲੀ ਵਾਲੇ ਧਰਮ ਵਲੋਂ ਵੀ ਹੱਟਣਾ ਸ਼ੁਰੂ ਹੋ ਜਾਂਦਾ ਹੈ ਅਤੇ ਜਿਸ ਬੇਗਾਨੀ ਬੋਲੀ ਨਾਲ ਪਿਆਰ ਪ੍ਰਗਟਾਇਆ ਜਾ ਰਿਹਾ ਹੋਵੇ, ਉਸ ਬੋਲੀ ਵਾਲੇ ਧਰਮ ਵੱਲ ਧਿਆਨ ਜਾਣਾ ਸ਼ੁਰੂ ਹੋ ਜਾਂਦਾ ਹੈ । ਇਹ ਮਾਰਗ ਬੰਦੇ ਨੂੰ ਪਹਿਲਾਂ ਆਪਣੇ ਧਰਮ ਤੋਂ ਦੂਰ ਕਰਦਾ ਹੈ ਅਤੇ ਹੌਲੀ ਹੌਲੀ ਅਜਿਹਾ ਬੰਦਾ ਆਪਣੀ ਬੋਲੀ ਅਤੇ ਸਭਿਆਚਾਰ ਨਾਲੋਂ ਵੀ ਵਿਛੁੰਨਿਆ ਜਾਂਦਾ ਹੈ । ਅਜਿਹਾ ਕਿਸੇ ਵੀ ਧਰਮ ਅਤੇ ਬੋਲੀ ਨਾਲ ਵਾਪਰ ਸਕਦਾ ਹੈ ਕਿਉਂਕਿ ਇਹ ਪਹਿਲਾਂ ਵੀ ਵਾਪਰਦਾ ਰਿਹਾ ਹੈ ਅਤੇ ਅੱਗੋਂ ਵੀ ਵਾਪਰਦਾ ਰਹਿਣਾ ਹੈ । ਇਸ ਨਾਲ ਨਤੀਜਾ ਇਹ ਨਿਕਲਦਾ ਹੈ ਕਿ ਜਿਸ ਧਰਮ ਅਤੇ ਬੋਲੀ ਦੀ ਪਰਵਾਹ ਜਾਂ ਚੇਤਨਾ ਜਾਂ ਲਗਾਉ ਉਸਦੇ ਵਾਰਸਾਂ ਨੂੰ ਨਾ ਹੋਵੇ; ਉਸ ਧਰਮ ਅਤੇ ਬੋਲੀ ਨਾਲ ਸਬੰਧਤ ਧਾਰਮਿਕ ਅਤੇ ਸਭਿਆਚਾਰਕ ਸੰਸਥਾਵਾਂ ਭਰਿਸ਼ਟ ਹੋਣ ਲੱਗ ਪੈਂਦੀਆਂ ਹਨ । ਭਰਿਸ਼ਟ ਹੋਣ ਦਾ ਕਾਰਨ ਇਹ ਦਸਿਆ ਗਿਆ ਹੈ ਕਿ ਧਰਮ ਆਪਣੀ ਅਸਲ ਭਾਵਨਾ ਦੀ ਥਾਂ, ਧਰਮ ਦੇ ਨਾਮ ਤੇ ਕੀਤੇ ਜਾ ਰਹੇ ਪਾਖੰਡ ਨਾਲ ਸੰਤੁਸ਼ਟ ਹੋ ਜਾਂਦਾ ਹੈ । ਆਪਣੇ ਸਮੇਂ ਦੀ ਗੁਰੂ ਸਾਹਿਬ ਉਦਾਹਰਣ ਦੇਂਦੇ ਹੋਏ ਦੱਸਦੇ ਹਨ ਕਿ ਖੱਤਰੀਆਂ ਨੇ ਆਪਣੀ ਭਾਸ਼ਾ ਦੀ ਥਾਂ ਇਸਲਾਮੀ ਭਾਸ਼ਾ ਮਲੇਸ਼ ਭਾਖਿਆ) ਗ੍ਰਹਿਣ ਕਰ ਲਈ ਸੀ । ਸਿੱਟੇ ਤੋਂ ਤੁਸੀਂ ਸਭ ਵਾਕਿਫ਼ ਹੋ । ਪਰ ਗੁਰੂ ਨਾਨਕ ਦੇਵ ਜੀ ਨੇ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਆਪਣੀ ਭਾਸ਼ਾ ਅਤੇ ਧਰਮ ਨਾਲੋਂ ਟੁੱਟਣ ਦਾ ਨਤੀਜਾ ਅਧਿਆਤਮਕ ਕੀਮਤਾਂ ਦੇ ਢਹਿ ਢੇਰੀ ਹੋ ਜਾਣ ਵਿਚ ਹੀ ਨਿਕਲਦਾ ਹੈ । ਇਹ ਸੱਚ ਸਰਬ ਸਮਿਆਂ ਵਾਸਤੇ ਹੈ ਕਿਉਂਕਿ ਗੁਰੂ ਸਾਹਿਬ ਵਲੋਂ ਦੱਸੀ ਹੋਈ ਅਧਿਆਤਮਕ ਸੱਚ ਦੀ ਸਾਖੀ 'ਸਾਂਝੀ ਸਗਲ ਜਹਾਨੈ' ਵਜੋਂ ਗੁਰਬਾਣੀ ਵਿਚ ਅੰਕਤ ਹੈ । ਇਸਦੀ ਪੁਸ਼ਟਤਾ ਇਸ ਸ਼ਬਦ ਤੋਂ ਹੋ ਜਾਂਦੀ ਹੈ :

ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ ॥
ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ ॥੧॥

ਕਲਿ ਮਹਿ ਰਾਮ ਨਾਮੁ ਸਾਰੁ ॥
ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ॥੧॥ਰਹਾਉ॥
ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ ॥
ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ ॥੨॥
ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥੩॥
ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ ॥
ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ ॥੪॥

(ਧਨਾਸਰੀ ਮਹਲਾ ੧, ਪੰਨਾ ੬੬੨)

ਧਰਮ ਅਤੇ ਬੋਲੀ ਦੇ ਅਨਿਖੜਵੇਂ ਰਿਸ਼ਤੇ ਦੀ ਜੋ ਜੁਗਤਿ ਗੁਰੂ ਸਾਹਿਬ ਨੇ ਦਸੀ ਹੋਈ ਹੈ, ਉਹ ਪਹਿਲਾਂ ਗੁਰੂ ਦੇ ਸਿੱਖਾਂ ਵਾਸਤੇ ਹੈ, ਫਿਰ ਪੰਜਾਬੀਆਂ ਵਾਸਤੇ ਹੈ ਅਤੇ ਪਿਛੋਂ ਕਿਸੇ ਹੋਰ ਵਾਸਤੇ ਹੈ। ਮੇਰਾ ਅਨੁਭਵ ਵੀ ਹੈ ਅਤੇ ਵਿਸ਼ਵਾਸ ਵੀ ਹੈ ਕਿ ਪੰਜਾਬੀ ਬੋਲੀ ਤੋਂ ਵਿਹੂਣ ਕਿਸੇ ਸਿੱਖ ਜਾਂ ਪੰਜਾਬੀ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਕਿਉਂਕਿ ਜਾਗਤਿ ਜੋਤਿ ਅਤੇ ਜ਼ਾਹਰਾ ਜ਼ਹੂਰ ਸ਼ਬਦ-ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਤੱਕ ਪੰਜਾਬੀ ਬੋਲੀ ਤੋਂ ਬਿਨਾਂ ਸਿਧਿਆਂ ਪਹੁੰਚ ਨਹੀਂ ਕੀਤੀ ਜਾ ਸਕਦੀ। ਗੁਰੂ ਅਤੇ ਸਿੱਖ ਵਿਚਕਾਰ ਕਿਸੇ ਵਿਚੋਲੇ ਦੀ ਕੋਈ ਮਾਨਤਾ ਪ੍ਰਾਪਤ ਵਿਵਸਥਾ ਹੀ ਨਹੀਂ ਹੈ। ਮੇਰੀ ਇਸ ਧਾਰਨਾ ਦਾ ਆਧਾਰ ਇਹ ਹੈ ਕਿ ਸਿੱਖ ਅਤੇ ਪੰਜਾਬੀ ਨੂੰ ਇਕ ਦੂਜੇ ਦੇ ਤਨਾਉ ਵਿਚ ਨਹੀਂ ਵੇਖਿਆ ਜਾ ਸਕਦਾ। ਪੰਜਾਬੀਆਂ ਦੇ ਵੱਖ ਵੱਖ ਦੇਸ਼ਾਂ ਵਿਚ ਫੈਲਾਉ ਨਾਲ, ਨਵੀਂ ਪੀੜ੍ਹੀ ਨੂੰ ਅਨੁਵਾਦ ਰਾਹੀਂ ਆਪਣੇ ਸਭਿਆਚਾਰ ਤੱਕ ਪਹੁੰਚਣਾ ਪੈ ਰਿਹਾ ਹੈ। ਇਸ ਹਾਲਤ ਵਿਚ ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਕਿਸੇ ਵੀ ਭਾਸ਼ਾ ਵਿਚ ਅਨੁਵਾਦ ਕੀਤੀ ਹੋਈ ਬਾਣੀ, ਸਿੱਖੀ ਬਾਰੇ ਜਾਣਕਾਰੀ ਤਾਂ ਦੇ ਸਕਦੀ ਹੈ, ਕਿਸੇ ਹੱਦ ਤੱਕ, ਸਿੱਖ-ਚੇਤਨਾ ਨਾਲ ਜੋੜ ਵੀ ਸਕਦੀ ਹੈ; ਪਰ ਸ਼ਬਦ-ਗੁਰੂ ਦੀ ਵਿਲੱਖਣ ਜੁਗਤਿ ਦੇ ਜਲੌਅ ਤੱਕ ਸ਼ਾਇਦ ਨਹੀਂ ਪਹੁੰਚਾ ਸਕਦੀ। ਇਹ ਗੱਲ ਕਹਿਣ ਲੱਗਿਆਂ ਮੇਰੇ ਧਿਆਨ ਵਿਚ ਉਹ ਸਾਰੇ ਬੱਚੇ ਬੱਚੀਆਂ ਹਨ, ਜੋ ਬਦੇਸ਼ਾਂ ਵਿਚ ਹੀ ਜੰਮੇ, ਪਲੇ ਅਤੇ ਪੜ੍ਹੇ ਹਨ। ਗੈਰਸਿੱਖ ਜਾਂ ਗੈਰਪੰਜਾਬੀ ਜਦੋਂ ਸਿੱਖੀ ਤੋਂ ਪ੍ਰਭਾਵਿਤ ਹੁੰਦੇ ਹਨ ਤਾਂ ਬੜੀ ਖੁਸ਼ੀ ਹੁੰਦੀ ਹੈ। ਪਰ ਜਿੰਨਾ ਚਿਰ ਅਜਿਹੀ ਜਗਿਆਸੂ ਬਿਰਤੀ ਵਾਲੇ ਲੋਕ, ਪੰਜਾਬੀ ਨਹੀਂ ਸਿੱਖਦੇ, ਉਨਾ ਚਿਰ ਉਹ ਸਿੱਖੀ ਨਾਲੋਂ ਵਿੱਥ ਤੇ ਖਲੋਕੇ ਹੀ ਸਿੱਖੀ ਦਾ ਅਨੰਦ ਮਾਣ ਸਕਦੇ ਹਨ। ਇਸ ਵਿੱਥ ਦਾ ਲਾਭ ਲੈਣ ਲਈ ਆਮ ਹਾਲਤਾਂ ਵਿਚ ਵਿਚੋਲੇ ਵੀ ਪੈਦਾ ਹੋ ਜਾਂਦੇ ਹਨ। ਇਸ ਨਾਲ ਸ਼ਬਦ-ਗੁਰੂ ਦੀ ਸਥਾਪਤ ਸੰਸਥਾ ਨੂੰ ਢਾਹ ਲਗਦੀ ਹੈ ਅਤੇ ਅਕਸਰ ਹੀ ਗੁਰੂ ਦੇ ਸਿੱਖਾਂ ਨੂੰ ਡੇਰੇਦਾਰੀ ਦੇ ਤਨਾਉ ਵਿਚ ਵੀ ਆਉਣਾ ਪੈ ਜਾਂਦਾ ਹੈ। ਇਸ ਸਮੱਸਿਆ ਦਾ ਸਾਹਮਣਾ ਦੇਸ਼ ਅਤੇ ਬਦੇਸ਼ ਵਿਚ ਲਗਾਤਾਰ ਕਰਨਾ ਪੈ ਰਿਹਾ ਹੈ। ਜਿਹੜੀ ਡੇਰੇਦਾਰੀ ਪੰਜਾਬੀ ਜਾਣਦੇ ਸਿੱਖਾਂ ਵਿਚਕਾਰ ਪੈਰ ਜਮਾ ਰਹੀ ਹੈ,

ਉਸਦੇ ਹੱਲ ਤਾਂ ਗੁਰੂ ਸਾਹਿਬ ਨੇ ਸਿਧਾਂਤ ਰੂਪ ਵਿਚ ਬਖਸ਼ਿਸ਼ ਵੀ ਕੀਤੇ ਹੋਏ ਹਨ ਅਤੇ ਅਮਲ ਵਿਚੋਂ ਪ੍ਰਗਟ ਹੋਏ ਇਤਿਹਾਸ ਵਜੋਂ ਵੀ ਪ੍ਰਾਪਤ ਹਨ । ਇਥੇ ਇਸਦੇ ਵਿਸਤਾਰ ਦੀ ਗੁੰਜਾਇਸ਼ ਨਹੀਂ ਹੈ । ਨੁਕਤਾ ਤਾਂ ਇਹ ਵਿਚਾਰਿਆ ਜਾ ਰਿਹਾ ਹੈ ਕਿ ਜਦੋਂ ਮਾਂ ਬੋਲੀ ਦਾ ਮੋਹ ਭੰਗ ਹੋ ਜਾਂਦਾ ਹੈ ਜਾਂ ਮਾਂ ਬੋਲੀ ਦਾ ਵਖਰ ਮੱਧਮ ਪੈਣ ਲੱਗ ਜਾਂਦਾ ਹੈ ਤਾਂ ਬੋਲੀ ਨਾਲ ਸਬੰਧਤ ਧਰਮ ਵੀ ਉਸੇ ਮਾਤਰਾ ਵਿਚ ਕਮਜ਼ੋਰ ਹੋਣ ਲੱਗ ਪੈਂਦਾ ਹੈ । ਇਸ ਅਵਸਥਾ ਵਿਚ ਪਹਿਲਾ ਨੁਕਸਾਨ ਧਰਮ ਦੀ ਰਹਿਤ ਨੂੰ ਝੱਲਣਾ ਪੈਂਦਾ ਹੈ । ਗੁਰੂ ਨਾਨਕ ਦੇਵ ਜੀ ਨੇ ਰਾਗ ਬਸੰਤ ਹਿੰਡੋਲ ਵਿਚ ਦੱਸਿਆ ਹੋਇਆ ਹੈ ਕਿ ਬੋਲੀ ਬਦਲਣ ਨਾਲ, ਮੁਹਾਵਰਾ ਬਦਲ ਜਾਂਦਾ ਹੈ । ਮੁਹਾਵਰੇ ਦੀ ਵਰਤੋਂ ਦਾ ਮਨ ਤੇ ਪ੍ਰਭਾਵ ਤਾਂ ਪੈਂਦਾ ਹੀ ਹੈ ਅਤੇ ਇਸ ਪ੍ਰਤੀ ਲਗਾਉ ਵਾਲਾ ਸੁਭਾ ਆਪਣੇ ਆਪ ਬਨਣ ਲੱਗ ਪੈਂਦਾ ਹੈ । ਇਸੇ ਵਿਚੋਂ ਧਰਮ ਦੀ ਪ੍ਰਧਾਨ ਸੁਰ ਸਥਾਪਤ ਹੋਣ ਲੱਗ ਪੈਂਦੀ ਹੈ । ਬੋਲੀ ਦਾ ਧਰਮ ਰਾਹੀਂ ਸਥਾਪਤ ਸਮੇਂ ਦੀ ਪ੍ਰਧਾਨ ਸੁਰ ਨਾਲ ਰਿਸ਼ਤਾ ਇਨ੍ਹਾਂ ਤੁਕਾਂ ਰਾਹੀਂ ਸਮਝਿਆ ਜਾ ਸਕਦਾ ਹੈ ਕਿਉਂ ਕਿ ਗੁਰੂ ਨਾਨਕ ਦੇਵ ਜੀ ਦੱਸ ਰਹੇ ਹਨ ਕਿ ਜਦੋਂ ਦੂਜੇ ਦੀ ਬੋਲੀ ਨੂੰ ਮਾਨਤਾ ਦੇ ਦੇਈਏ, ਉਸ ਨਾਲ ਉਸਦੀ ਰਹਿਤ ਨੂੰ ਆਪਣੇ ਆਪ ਮਾਨਤਾ ਮਿਲ ਜਾਂਦੀ ਹੈ । ਜੇ ਬੋਲੀ ਹਾਕਮ ਦੀ ਹੋਵੇ ਤਾਂ ਇਹ ਅਮਲ ਤੁਰਤ ਵਾਪਰ ਜਾਂਦਾ ਹੈ । ਭਾਰਤ ਵਿਚ ਇਸਲਾਮੀ ਪ੍ਰਭਾਵ ਅਧੀਨ ਇਹ ਸਥਿਤੀ ਪੈਦਾ ਹੋ ਗਈ ਸੀ :

ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ ॥
ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥
(ਮਹਲਾ ੧, ਪੰਨਾ ੧੧੯੧)

ਪੰਜਾਬੀ ਦੇ ਖ਼ੁਦਦੀਆਂ ਸਾਹਮਣੇ ਇਸ ਹਵਾਲੇ ਨਾਲ ਇਹ ਪ੍ਰਸ਼ਨ ਪੈਦਾ ਹੋ ਗਿਆ ਪਰਵਾਨ ਕੀਤਾ ਜਾ ਸਕਦਾ ਹੈ ਕਿ ਕੀ ਬੇਗਾਨੀ ਬੋਲੀ ਅਤੇ ਬੇਗਾਨੇ ਸਭਿਆਚਾਰ ਦੀ ਰੰਗਤ ਵਰਤਮਾਨ ਵਿਚ ਪੰਜਾਬੀ ਅਤੇ ਸਿੱਖ ਭਾਈਚਾਰੇ ਉਪਰ ਏਨੀ ਤਾਂ ਨਹੀਂ ਚੜ੍ਹ ਗਈ ਕਿ ਸਿੱਖੀ ਅਤੇ ਪੰਜਾਬੀ ਦਾ ਰੰਗ ਉਸ ਹੇਠਾਂ ਲੁਕ ਗਿਆ ਲਗਣ ਲੱਗ ਪਿਆ ਹੈ ?

ਇਥੋਂ ਸਿੱਖ-ਪਛਾਣ ਦੀ ਗੱਲ ਸ਼ੁਰੂ ਕੀਤੀ ਜਾ ਸਕਦੀ ਹੈ । ਮੈਨੂੰ ਇਹੋ ਸਮਝ ਆਇਆ ਹੈ ਕਿ ਸਿੱਖ-ਪਛਾਣ ਦੇ ਮੁੱਖ ਆਧਾਰ ਪੰਜਾਬੀ ਭਾਸ਼ਾ ਅਤੇ ਸਿੱਖ ਧਰਮ ਹਨ । ਜੇ ਸਿਕੇ ਦੀ ਮਿਸਾਲ ਲੈ ਕੇ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਸਿੱਖ-ਪਛਾਣ ਰੂਪੀ ਸਿੱਕੇ ਦੇ ਦੋ ਪਾਸੇ ਪੰਜਾਬੀ ਭਾਸ਼ਾ ਅਤੇ ਸਿੱਖ ਧਰਮ ਹਨ । ਇਹ ਤਾਂ ਸਭ ਨੂੰ ਪਤਾ ਹੀ ਹੈ ਕਿ ਜਿਸ ਸਿੱਕੇ ਦਾ ਇਕ ਪਾਸਾ ਕੋਰਾ ਹੋਵੇ, ਉਹ ਸਿੱਕਾ ਖੋਟਾ ਸਮਝਿਆ ਜਾਂਦਾ ਹੈ । ਖੋਟੇ ਸਿੱਕੇ ਨੂੰ ਖਰੇ ਸਿੱਕੇ ਵਾਂਗ ਨਹੀਂ ਚਲਾਇਆ ਜਾ ਸਕਦਾ । ਕੁਝ ਲੋਕਾਂ ਨੇ ਖਰੇ ਅਤੇ ਖੋਟੇ ਦਾ ਧਿਆਨ ਰਖੇ ਬਿਨਾਂ, ਸਿੱਖ-ਪਛਾਣ ਨੂੰ ਪੰਜਾਬੀਅਤ ਅਤੇ ਸਿੱਖੀ ਵਿਚਕਾਰ ਵੰਡ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ । ਇਸ ਨਾਲ ਪੰਜਾਬੀ ਅਤੇ ਸਿੱਖ ਨੂੰ ਇਕ ਦੂਜੇ ਦੇ ਤਣਾਉ

ਵਿਚ ਵੀ ਦੱਸਿਆ ਗਿਆ ਹੈ। ਇਹੋ ਜਿਹੀ ਗਲਤੀ ਉਹੀ ਲੋਕ ਕਰਦੇ ਆ ਰਹੇ ਹਨ, ਜਿਹੜੇ ਗੁਰਬਾਣੀ ਤੋਂ ਰੌਸ਼ਨੀ ਨਹੀਂ ਲੈਂਦੇ। ਹੋ ਸਕਦੈ, ਕੁਝ ਅਜਿਹੇ ਵੀ ਹੋਣ ਜਿਹੜੇ ਗੁਰਬਾਣੀ ਤੋਂ ਰੌਸ਼ਨੀ ਲੈ ਹੀ ਨਹੀਂ ਸਕਦੇ ਅਤੇ ਆਪਣੀ ਵਿਦਵਤਾ ਦੇ ਆਸਰੇ ਨਾਲ ਆਪਣੀ ਮਰਜ਼ੀ ਦੇ ਸਿੱਟੇ ਕੱਢ ਲੈਂਦੇ ਹਨ। ਗੁਰਬਾਣੀ ਦੇ ਰੰਗ ਵਿਚ ਭਿੱਜੇ ਹੋਏ ਅਤੇ ਮੰਨੇ ਪ੍ਰਮੰਨੇ ਵਿਦਵਾਨ, ਪ੍ਰੋਫੈਸਰ ਪੂਰਨ ਸਿੰਘ ਦਾ ਇਹ ਬਚਨ 'ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ ਤੇ' ਬਹੁਤ ਅਰਥ ਭਰਪੂਰ ਹੈ। ਇਸ ਬਚਨ ਵਿਚ ਪੰਜਾਬੀ ਅਤੇ ਸਿੱਖ ਨੂੰ ਇਕੋ ਹੀ ਬੂਟੇ ਦੀਆਂ ਟਾਹਣੀਆਂ ਮੰਨਿਆ ਹੋਇਆ ਹੈ। ਬੂਟਾ ਸਿੱਖੀ ਦਾ ਹੀ ਹੈ। ਇਹੀ ਸਿੱਖ ਪਛਾਣ ਦਾ ਅਸਲ ਰੰਗ ਆਖਿਆ ਜਾ ਸਕਦਾ ਹੈ। ਸੋ ਸਿੱਖ ਅਤੇ ਪੰਜਾਬੀ ਕਦੇ ਵੀ ਤਣਾਉ ਵਿਚ ਨਹੀਂ ਸਨ ਪਰ ਸਿਆਸਤ ਅਧੀਨ ਇਹ ਵਧੀਕੀ ਪੰਜਾਬ ਨਾਲ ਲਗਾਤਾਰ ਹੁੰਦੀ ਆਈ ਹੈ।

ਸਿੱਖ ਧਰਮ ਨੇ ਸਿੱਖ ਪਛਾਣ ਦੇ ਉਹ ਸਾਰੇ ਤੱਤ ਇਤਿਹਾਸਕ ਰੂਪ ਵਿਚ ਨ ਕੇਵਲ ਪ੍ਰਗਟ ਕੀਤੇ ਹੋਏ ਹਨ ਸਗੋਂ ਇਤਿਹਾਸ ਕੋਲੋਂ ਇਨ੍ਹਾਂ ਤੱਤਾਂ ਨੂੰ ਮੰਨਵਾਇਆ ਹੋਇਆ ਵੀ ਹੈ। ਕਾਰਨ ਇਹ ਹੈ ਕਿ ਸਿੱਖ ਧਰਮ ਵਿਚ ਸਿਧਾਂਤ ਅਤੇ ਅਮਲ ਨੂੰ ਵੱਖ-ਵੱਖ ਪ੍ਰਵਾਨ ਨਹੀਂ ਕੀਤਾ ਗਿਆ। ਇਸ ਪੱਖੋਂ ਸਿੱਖ ਅਰਦਾਸ ਵਿਚ ਸਿੱਖ-ਪਛਾਣ ਦੇ ਤੱਤਾਂ ਨੂੰ ਸੰਖੇਪ ਰੂਪ ਵਿਚ ਪ੍ਰਗਟ ਕੀਤਾ ਹੋਇਆ ਹੈ ਅਤੇ ਹਰ ਸਿੱਖ ਤੋਂ ਇਹ ਆਸ ਕੀਤੀ ਹੋਈ ਹੈ ਕਿ ਉਹ ਇਨ੍ਹਾਂ ਤੱਤਾਂ ਦੀ ਨੈਤਿਕਤਾ ਨੂੰ ਕੇਸਾਂ ਸੁਆਸਾਂ ਸੰਗ ਨਿਭਾਏਗਾ। ਇਸ ਤਰ੍ਹਾਂ ਕੇਸਾਂ ਦੀ ਮਹਾਨਤਾ, ਸਿੱਖ-ਪਛਾਣ ਦੇ ਹਿੱਸੇ ਵਜੋਂ ਸੁਆਸਾਂ ਜਿੰਨੀ ਜ਼ਰੂਰੀ ਹੋ ਗਈ ਹੈ। ਕੇਸ-ਵਿਹੂਣ ਸਿੱਖ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਬਾਣੀ ਅਤੇ ਬਾਣਾ ਇਸ ਤਰ੍ਹਾਂ ਸਿੱਖ ਧਰਮ ਵਿਚ ਦੋ ਨਹੀਂ, ਇਕ ਹੋ ਗਿਆ ਹੈ। ਏਸੇ ਲਈ ਖਾਲਸਾ ਪੰਥ ਦਾ ੧੬੯੯ ਦੀ ਵੈਸਾਖੀ ਨੂੰ ਆ ਰਿਹਾ ਤਿੰਨ ਸੌ ਸਾਲਾ ਅਵਸਰ, ਇਕ ਪਾਸੇ ਮਾਨਵਤਾ ਦੀ ਭਲਾਈ ਲਈ 'ਸਰਬੱਤ ਦੇ ਭਲੇ' ਦੀ ਗੱਲ ਕਰ ਰਿਹਾ ਹੈ ਅਤੇ ਦੂਜੇ ਪਾਸੇ ਦੁਨੀਆਂ ਭਰ ਦੇ ਧਰਮੀਆਂ ਨੂੰ ਇਕੱਠੇ ਹੋ ਜਾਣ ਦਾ ਸੱਦਾ ਦੇ ਰਿਹਾ ਹੈ। ਇਹ ਅਵਸਰ ਸਿੱਖ ਭਾਈਚਾਰੇ ਨੂੰ ਵੰਗਾਰ ਵੀ ਪਾ ਰਿਹਾ ਹੈ ਕਿ ਕੀ ਸਿੱਖ ਨੂੰ ਅਮਲ ਵਿਚ ਖਾਲਸਾ ਹੋਣ ਦੀ ਜਾਚ ਭੁੱਲ ਤਾਂ ਨਹੀਂ ਗਈ? ਇਹ ਗੱਲ ਇਸ ਮੌਕੇ ਉਤੇ ਮੈਂ ਇਸ ਲਈ ਜ਼ੋਰ ਦੇ ਕੇ ਆਖ ਰਿਹਾ ਹਾਂ ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖ ਸੇਵਾਦਾਰ ਵਜੋਂ ਮੈਨੂੰ ਸਿੱਖ ਧਰਮ ਦੇ ਪ੍ਰਚਾਰਕ ਵਾਂਗ ਗੱਲ ਕਰਨ ਦੀ ਖੁਲ੍ਹ ਹੋਣੀ ਚਾਹੀਦੀ ਹੈ। ਪਰ ਜੋ ਮੈਂ ਕਹਿ ਰਿਹਾ ਹਾਂ, ਇਹ ਨਿਰਾ ਸਿੱਖ ਧਰਮ ਦਾ ਪ੍ਰਚਾਰ ਨਹੀਂ ਹੈ। ਇਹ ਤਾਂ 'ਧਰਮ ਚਲਾਵਨ' ਦਾ ਉਹੀ ਮਾਰਗ ਹੈ, ਜਿਹੜਾ ਦਸਮ ਪਾਤਸ਼ਾਹ ਹਜ਼ੂਰ ਨੇ ਮਾਨਵ-ਮੁਕਤੀ ਲਈ 'ਤਿੰਨ ਸਦੀਆਂ' ਪਹਿਲਾਂ ਪ੍ਰਗਟ ਕਰ ਦਿੱਤਾ ਸੀ। ਮੈਨੂੰ ਲਗਦਾ ਹੈ ਕਿ ਪੰਜਾਬੀ-ਪਛਾਣ ਨੂੰ ਹੀ ਸਿੱਖ ਪਛਾਣ ਵਿਚ ਤਬਦੀਲ ਕਰ ਦਿੱਤਾ ਗਿਆ ਸੀ। ਗੁਰੂ ਦੀ ਇਸ ਬਖਸ਼ਿਸ਼ ਦਾ ਲਾਭ ਲੈਣ ਲਈ ਲਗਾਤਾਰ ਅਵਸਰ ਪੈਦਾ ਕੀਤੇ ਜਾਣ ਦੀ ਲੋੜ ਹੈ। ਅਜਿਹੇ ਅਵਸਰਾਂ ਵਿਚੋਂ ਹੀ ਇਕ ਅਵਸਰ ਅਮਰੀਕਾ ਦੀ

ਧਰਤੀ ਤੇ ਹੋ ਰਹੀ ਇਸ ਪੰਜਾਬੀ ਕਾਨਫਰੰਸ ਨੂੰ ਪ੍ਰਵਾਨ ਕੀਤਾ ਜਾ ਸਕਦਾ ਹੈ। ਧਾਲੀਵਾਲ ਪਰਿਵਾਰ ਦਾ ਇਹ ਯਤਨ ਕੌਮੀ ਕਰਜ਼ ਤੋਂ ਮੁਕਤ ਹੋਣ ਦੀ ਭਾਵਨਾ ਵਜੋਂ ਹੀ ਲਿਆ ਜਾਣਾ ਚਾਹੀਦਾ ਹੈ। ਪੰਜਾਬੀ ਚੇਤਨਾ ਦੇ ਪ੍ਰਤੀਨਿਧਾਂ ਨਾਲ ਸਿੱਖ-ਚੇਤਨਾ ਦੀ ਗੱਲ ਕਰਦਿਆਂ ਮੇਰੀ ਰੀਝ ਹੈ ਕਿ ਸਿੱਖ-ਪਛਾਣ ਨੂੰ ਸਿੱਖ ਪ੍ਰਸੰਗ ਵਿਚ ਹੀ ਉਭਾਰਿਆ ਜਾਣਾ ਚਾਹੀਦਾ ਹੈ। ਜਿਹੜੇ ਵਿਦਵਾਨ ਸਿੱਖ-ਪਛਾਣ ਨੂੰ ਟੁਕੜਿਆਂ ਵਿਚ ਸਮਝਣ ਅਤੇ ਪ੍ਰਗਟਾਉਣ ਦੀ ਕੋਸ਼ਿਸ਼ ਕਰਦੇ ਹਨ, ਉਨ੍ਹਾਂ ਨੂੰ ਮੈਂ ਲੁਹਾਰੀ ਵਿਦਵਾਨ ਕਹਿਣ ਦੀ ਖੁਲ੍ਹ ਲੈਂਦਾ ਹਾਂ। ਲੁਹਾਰ ਜਿਵੇਂ ਤਲਵਾਰ ਘੜਦਾ ਤਾਂ ਹੈ ਪਰ ਚਲਾਉਂਦਾ ਨਹੀਂ; ਉਸੇ ਤਰ੍ਹਾਂ ਲੁਹਾਰੀ ਵਿਦਵਾਨ ਮੇਰੇ ਵਰਗਿਆਂ ਲਈ ਮਸਲੇ ਘੜਦੇ ਤਾਂ ਹਨ ਪਰ ਨਿਪਟਾਉਂਦੇ ਨਹੀਂ ਹਨ। ਇਹੋ ਜਿਹੇ ਵਿਦਵਾਨ ਲੋਕ ਇਹ ਭੁਲ ਜਾਂਦੇ ਹਨ ਕਿ ਕਥਨੀ ਅਤੇ ਕਰਨੀ ਦੇ ਅੰਤਰ ਨੂੰ ਫਰੀਦ ਜੀ ਨੇ 'ਕੱਚ' ਆਖਿਆ ਹੋਇਆ ਹੈ :

ਦਿਲਹੁ ਮੁਹਬਤਿ ਜਿੰਨ ਸੇਈ ਸਚਿਆ ॥
ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥

(ਆਸਾ ਫਰੀਦ, ਪੰਨਾ ੪੮੮)

ਸਿੱਖ-ਪਛਾਣ ਦੀ ਨੈਤਿਕਤਾ ਵਿਚ ਦੋਗਲੇਪਣ ਨੂੰ ਕੋਈ ਥਾਂ ਨਹੀਂ ਹੈ। ਉਸੇ ਲਈ ਕਿਹਾ ਜਾ ਸਕਦਾ ਹੈ ਕਿ ਸਿੱਖ ਧਰਮ ਜਿਸ ਤਰ੍ਹਾਂ ਨਿਰੀ ਕਲਪਨਾ ਨਹੀਂ ਹੈ, ਸਗੋਂ ਸਪੱਸ਼ਟ ਜੀਵਨ ਜਾਚ ਹੈ; ਉਸੇ ਤਰ੍ਹਾਂ ਹੀ ਸਿੱਖ-ਪਛਾਣ ਸੰਪੂਰਨ ਸ਼ਖਸੀਅਤ ਵਿਚੋਂ ਸਿਧਾਂਤ ਅਤੇ ਅਮਲ ਦੀ ਇਕਸੁਰਤਾ ਦਾ ਪ੍ਰਗਟਾਵਾ ਹੈ। ਇਸ ਕਰਕੇ ਸਿੱਖ ਦੀ ਰੀਝ ਨੂੰ ਦਸਮ ਪਾਤਸ਼ਾਹ ਹਜ਼ੂਰ ਨੇ ਇਸ ਤਰ੍ਹਾਂ ਪ੍ਰਗਟ ਕੀਤਾ ਹੋਇਆ ਹੈ :

ਹੇ ਰਵਿ ਹੇ ਸਸਿ ਹੇ ਕਰੁਨਾ ਨਿਧ ਮੇਰੀ ਅਬੈ ਬਿਨਤੀ ਸੁਣ ਲੀਜੈ ॥
ਅਉਰ ਨ ਮਾਂਗਤ ਹਉ ਤੁਮਤੇ ਕਛੁ ਚਾਹਤ ਹਉ ਚਿਤ ਮਹਿ ਸੋਈ ਕੀਜੈ ॥
ਸ਼ਸਤ੍ਰਨ ਸਿਉਂ ਅਤਿ ਹੀ ਰਣ ਭੀਤਰ ਜੂਝ ਮਰਉ ਤਉ ਸਾਚੁ ਪਤੀਜੈ ॥

ਇਸ ਲਈ ਸਿੱਖ-ਪਛਾਣ ਦਾ ਜਲੌਅ ਨਿਰਸੰਦੇਹ ਸੁਤੰਤਰ ਅਤੇ ਬਿਖਮ ਹੈ। ਫਿਰ ਵੀ ਇਹ ਪਰਵਾਨ ਕਰਨ ਵਿਚ ਕੋਈ ਮੁਸ਼ਕਲ ਨਹੀਂ ਹੈ ਕਿ ਪਛਾਣ ਭਾਵੇਂ ਸਿੱਖ ਦੀ ਹੋਵੇ ਜਾਂ ਕਿਸੇ ਹੋਰ ਧਰਮ ਵਿਚ ਵਿਸ਼ਵਾਸ਼ ਰੱਖਣ ਵਾਲੇ ਦੀ ਹੋਵੇ, ਪਛਾਣ ਦੇ ਤੱਤ ਤਾਂ ਸਾਂਝੇ ਹੀ ਰਹਿਣਗੇ। ਇਨ੍ਹਾਂ ਤੱਤਾਂ ਵਿਚ ਮੇਰੇ ਹਿਸਾਬ ਨਾਲ ਮੋਟੇ ਤੌਰ ਤੇ ਭਾਈਚਾਰੇ, ਭਾਸ਼ਾ, ਖਿੱਤੇ ਅਤੇ ਕਿੱਤੇ ਨੂੰ ਗਿਣਿਆ ਜਾ ਸਕਦਾ ਹੈ। ਇਹ ਤੱਤ ਅੱਡ-ਅੱਡ ਥਾਵਾਂ ਤੇ ਵੱਖ-ਵੱਖ ਰੰਗ ਵਿਚ ਵੀ ਨਜ਼ਰ ਆਉਣ ਲੱਗ ਪੈਂਦੇ ਹਨ। ਸਿੱਖਾਂ ਨੂੰ ਇਸ ਅਵਸਥਾ ਵਿਚੋਂ ਲੰਘਣਾ ਪੈ ਰਿਹਾ ਹੈ। ਮਿਸਾਲ ਦੇ ਤੌਰ ਤੇ ਵਰਤਮਾਨ ਸਮੇਂ ਵਿਚ ਖਿੱਤਿਆਂ ਦੇ ਹਿਸਾਬ ਨਾਲ ਸਿੱਖ ਤਿੰਨ ਹਿੱਸਿਆਂ ਵਿਚ ਵੰਡੇ ਜਾ ਚੁਕੇ ਹਨ। ਇਕ ਪਾਸੇ ਪੰਜਾਬ ਵਿਚ ਵੱਸਦੇ ਸਿੱਖ ਹਨ, ਦੂਜੇ ਪਾਸੇ ਪੰਜਾਬ ਤੋਂ ਬਾਹਰ ਭਾਰਤ ਦੇ ਬਾਕੀ ਹਿੱਸਿਆਂ ਵਿਚ ਵੱਸਦੇ ਸਿੱਖ ਹਨ। ਤੀਜੇ

ਪਾਸੇ ਉਹ ਸਿੱਖ ਹਨ, ਜਿਹੜੇ ਭਾਰਤ ਤੋਂ ਬਾਹਰ ਬਦੇਸ਼ਾਂ ਵਿਚ ਵੱਸੇ ਹੋਏ ਹਨ। ਇਨ੍ਹਾਂ ਤਿੰਨਾਂ ਦੇ ਆਧਾਰ ਤੇ ਸਿੱਖ-ਪਛਾਣ ਦੇ ਮੂਲ ਤੱਤਾਂ ਨੂੰ ਵੱਖ-ਵੱਖ ਢੰਗ ਵਿਚ ਵੇਖਣ ਦੇ ਯਤਨ ਵੀ ਹੋ ਰਹੇ ਹਨ। ਇਸਦਾ ਸਿੱਖ ਭਾਈਚਾਰੇ ਨੂੰ ਨੁਕਸਾਨ ਹੀ ਹੋਇਆ ਹੈ ਕਿਉਂਕਿ ਇਸ ਨਾਲ ਸਿੱਖ-ਪਛਾਣ ਧੁੰਧਲੀ ਹੋਈ ਹੈ। ਇਸ ਸਮੱਸਿਆ ਦਾ ਉੱਤਰ ਸਿੱਖ-ਪਛਾਣ ਵਿਚ ਦਿਲਚਸਪੀ ਰਖਣ ਵਾਲੇ ਵਿਦਵਾਨਾਂ ਨੇ ਦੇਣਾ ਹੈ ਅਤੇ ਇਸ ਕਾਨਫਰੰਸ ਨਾਲੋਂ ਚੰਗਾ ਅਵਸਰ ਇਸ ਵਾਸਤੇ ਹੋਰ ਕਿਹੜਾ ਹੋ ਸਕਦਾ ਹੈ ? ਮੈਂ ਤਾਂ ਇਸ ਬਾਰੇ ਏਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਸਿੱਖ-ਪਛਾਣ ਨੂੰ ਸਿੱਖ ਚੇਤਨਾ ਨਾਲੋਂ ਨਿਖੇੜਕੇ ਪੇਸ਼ ਕਰਨ ਦੀ ਕੋਸ਼ਿਸ਼ ਨਾ ਕੀਤੀ ਜਾਵੇ ਕਿਉਂਕਿ ਅਜਿਹਾ ਸੰਭਵ ਹੀ ਨਹੀਂ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਉਪਰ ਦੱਸੀਆਂ ਤਿੰਨਾਂ ਹੀ ਥਾਵਾਂ ਵਿਚ ਵੱਸੇ ਹੋਏ ਸਿੱਖਾਂ ਨੂੰ ਬਹੁਤ ਸਮੱਸਿਆਵਾਂ ਆ ਰਹੀਆਂ ਹਨ। ਇਹ ਸਮੱਸਿਆਵਾਂ ਇਕ ਦੂਜੇ ਕਰਕੇ ਵੀ ਹਨ ਅਤੇ ਇਕ ਦੂਜੇ ਵਾਸਤੇ ਵੀ। ਕਈ ਵਾਰ ਅਜਿਹਾ ਹੁੰਦਾ ਹੈ ਕਿ ਇਕ ਦਾ ਹਿੱਤ, ਦੂਜੇ ਲਈ ਸਮੱਸਿਆ ਬਣ ਜਾਂਦਾ ਹੈ। ਅਸਲ ਵਿਚ ਇਨ੍ਹਾਂ ਤਿੰਨਾਂ ਥਾਵਾਂ ਦੇ ਸਿੱਖਾਂ ਨੂੰ ਸਿੱਖ-ਪਛਾਣ ਅਤੇ ਪੰਜਾਬੀ ਸਭਿਆਚਾਰ ਦੇ ਮਸਲੇ ਨੂੰ ਲੈ ਕੇ ਇਕੱਠਿਆਂ ਵੀ ਕੀਤਾ ਜਾ ਸਕਦਾ ਹੈ। ਇਸ ਵਾਸਤੇ ਜ਼ਰੂਰੀ ਹੈ ਕਿ ਗੁਰੂ ਖਾਲਸਾ ਪੰਥ ਦੇ ਸਿਧਾਂਤਕ ਅਤੇ ਇਤਿਹਾਸਕ ਜਲੌਅ ਨੂੰ ਪ੍ਰਗਟ ਕਰਨ ਵਾਸਤੇ ਆਪਣੀ ਆਪਣੀ ਸਮਰੱਥਾ ਮੁਤਾਬਿਕ ਯੋਗਦਾਨ ਪਾਇਆ ਜਾਵੇ। ਪੰਜਾਬ ਵਿਚ ਜਿਸ ਤਰ੍ਹਾਂ ਪਹਿਲਾਂ ਪਾਰਲੀਮੈਂਟ ਚੋਣਾਂ ਸਮੇਂ ਅਤੇ ਫਿਰ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਮੇਂ ਅਤੇ ਫਿਰ ਅਸੈਂਬਲੀ ਚੋਣਾਂ ਸਮੇਂ ਅਕਾਲੀ ਦਲ (ਬਾਦਲ) ਨੂੰ ਸਮਰਥਨ ਪ੍ਰਾਪਤ ਹੋਇਆ ਹੈ, ਉਸਦਾ ਇਨ੍ਹਾਂ ਤਿੰਨਾਂ ਥਾਵਾਂ ਉਤੇ ਰਹਿ ਰਹੇ ਸਿੱਖ ਆਪਣੇ ਆਪਣੇ ਹਿੱਤ ਮੁਤਾਬਿਕ ਸਮਰਥਨ ਜਾਂ ਵਿਰੋਧ ਕਰ ਰਹੇ ਹਨ। ਪੰਥਕ ਭਾਵਨਾ ਨੂੰ ਉਜਾਗਰ ਕਰਨ ਲਈ ਇਹ ਬੇਲੋੜਾ ਵਿਰੋਧ ਜਾਂ ਉਲਾਰ ਸਮਰਥਨ ਸਮਾਪਤ ਕਰਕੇ, ਪੰਜਾਬ, ਪੰਜਾਬੀਅਤ ਅਤੇ ਧਰਮ ਵਾਸਤੇ ਇਕ ਦੂਜੇ ਦੇ ਨੇੜੇ ਹੋਣ ਦਾ ਪਰੰਪਰਕ ਰਾਹ ਪੱਧਰਾ ਕਰਨਾ ਚਾਹੀਦਾ ਹੈ। ਇਸ ਵਾਸਤੇ ਜ਼ਰੂਰੀ ਹੈ ਕਿ ਰਾਇ ਦੇ ਵਿਰੋਧ ਨੂੰ ਧੜੇਬੰਦੀ ਦਾ ਆਧਾਰ ਬਿਲਕੁਲ ਨਹੀਂ ਬਣਾਇਆ ਜਾਣਾ ਚਾਹੀਦਾ। ਇਸ ਤਰੀਕੇ ਨਾਲ ਸਿੱਖ-ਪਛਾਣ ਅਤੇ ਪੰਜਾਬੀ ਸਭਿਆਚਾਰ ਨੂੰ ਨਿਖਾਰਕੇ ਸਥਾਪਤ ਕਰਨ ਵਿਚ ਸਹਾਇਤਾ ਮਿਲੇਗੀ। ਇਸ ਵਾਸਤੇ ਜ਼ਰੂਰੀ ਹੈ ਕਿ ਸਿਧਾਂਤ ਅਤੇ ਅਮਲ ਵਿਚ ਜੋ ਖਿਲਾਅ ਪੰਜਾਬੀ ਭਾਈਚਾਰੇ ਅੰਦਰ ਦਿਨੋਂ-ਦਿਨ ਵਧ ਰਿਹਾ ਹੈ, ਉਸਨੂੰ ਰੋਕਣ ਦੇ ਉਪਾਅ ਕੀਤੇ ਜਾਣ। ਧਰਮ ਨਿਰਪੇਖ ਅਤੇ ਧਾਰਮਿਕ ਕੱਟੜਤਾ ਵਾਲੇ ਮਾਹੌਲ ਵਿਚ ਪੰਜਾਬੀ-ਪਛਾਣ ਨੂੰ ਸੁਰੱਖਿਅਤ ਰੱਖਣ ਲਈ ਪ੍ਰੋਗਰਾਮ ਉਲੀਕੇ ਜਾਣ। ਸਥਾਪਤ ਅਤੇ ਸਰਕਾਰੀ ਸਰਪ੍ਰਸਤੀ ਵਾਲੇ ਧਰਮਾਂ ਦੀਆਂ ਭਾਸ਼ਾਵਾਂ ਦੇ ਬੇਲੋੜੇ ਪ੍ਰਭਾਵ ਤੋਂ ਬਚਾਅ ਲਈ ਵਿਧੀਵਤ ਤਿਆਰੀ ਕੀਤੀ ਜਾਵੇ। ਇਨਾਂ ਖਤਰਿਆਂ ਤੋਂ ਸੁਰੱਖਿਅਤ ਰਹਿਣ ਦੀ ਤਿਆਰੀ ਨਾਲ ਵੱਖ-ਵੱਖ ਸਭਿਆਚਾਰਾਂ ਨਾਲ ਸਿੱਝਣਾ ਸੌਖਾ ਹੋ ਜਾਵੇਗਾ। ਸਾਂਝੇ ਸਭਿਆਚਾਰਾਂ ਵਿਚ ਰਹਿੰਦਿਆਂ ਆਪਣੇ ਸਭਿਆਚਾਰ ਦੇ ਫਖਰ ਨੂੰ ਇਸ ਤਰ੍ਹਾਂ ਆਂਚ ਵੀ ਨਹੀਂ ਆਵੇਗੀ। ਇਸ ਤਰੀਕੇ

ਨਾਲ ਸੂਬਾਈ ਸਭਿਆਚਾਰ ਦਾ ਗਲੋਬਲ ਪ੍ਰਸੰਗ ਸਥਾਪਤ ਕਰਨ ਵਿਚ ਸਹਾਇਤਾ ਮਿਲ ਜਾਵੇਗੀ । ਇਸਦੀ ਵਰਤਮਾਨ ਸਮੇਂ ਵਿਚ ਬੜੀ ਲੋੜ ਹੈ ਕਿਉਂਕਿ ਸਿੱਖ ਧਰਮ ਅੰਦਰ ਸੰਸਾਰ ਧਰਮ ਬਣ ਜਾਣ ਦੀਆਂ ਸੰਭਾਵਨਾਵਾਂ ਦਾ ਲਾਭ ਉਠਾਇਆ ਜਾ ਸਕਦਾ ਹੈ ਅਤੇ ਦੂਜੇ ਪਾਸੇ ਪੰਜਾਬੀ ਸਭਿਆਚਾਰ ਨੂੰ ਦੁਨੀਆਂ ਭਰ ਦੀ ਸਭਿਆਚਾਰਕ ਵੰਨ-ਸੁਵੰਨਤਾ ਅੰਦਰ ਮਾਨਤਾ ਦੁਆਈ ਜਾ ਸਕਦੀ ਹੈ ।

ਮੈਂ ਆਪਣਾ ਇਹ ਅਨੁਭਵ ਵੀ ਤੁਹਾਡੇ ਨਾਲ ਸਾਂਝਾ ਕਰਨਾ ਚਾਹੁੰਦਾ ਹਾਂ ਕਿ ਆਰਥਿਕ ਮਸਲੇ ਜਾਂ ਰੋਟੀ ਰੋਜ਼ੀ ਦਾ ਮਸਲਾ ਬਹੁਤ ਵੱਡਾ ਮਸਲਾ ਨਹੀਂ ਹੈ । ਮੈਂ ਇਹ ਜੋਖਮ ਭਰੀ ਟਿਪਣੀ ਇਸ ਲਈ ਕਰ ਰਿਹਾ ਹਾਂ ਕਿਉਂਕਿ ਇਸ ਨਾਲੋਂ ਵੀ ਵੱਡਾ ਮਸਲਾ ਰੂਹ ਦੀਆਂ ਉਡਾਰੀਆਂ ਅਤੇ ਮਨ ਦੀਆਂ ਲੋੜਾਂ ਨਾਲ ਜੁੜੀਆਂ ਹੋਈਆਂ ਸੁੱਚੀਆਂ ਭਾਵਨਾਵਾਂ ਹਨ । ਦਸਮ ਪਾਤਸ਼ਾਹ ਹਜ਼ੂਰ ਨੇ ਇਹੋ ਜਿਹੀ ਅਵਸਥਾ ਵਿਚ 'ਤੁਧ ਬਿਨੁ ਰੋਗ ਰਜਾਈਆਂ ਦਾ ਓਢਣ ਨਾਗ ਨਿਵਾਸਾ ਦਾ ਰਹਿਣਾ' ਰਾਹੀਂ ਮਾਰਗ ਦਰਸ਼ਨ ਕੀਤਾ ਹੋਇਆ ਹੈ । ਇਸ ਵਿਚੋਂ ਹੀ ਉਦਰੇਵੇਂ ਦੀ ਭਾਵਨਾ ਜਨਮ ਲੈਂਦੀ ਹੈ । ਪੰਜਾਬੀ ਸਭਿਆਚਾਰ ਦੇ ਇਨ੍ਹਾਂ ਅਸਲ ਤੱਤਾਂ ਨੂੰ ਦੇਸ਼ ਬਦੇਸ਼ ਵਿਚ ਗੌਲਿਆ ਹੀ ਨਹੀਂ ਗਿਆ । ਭਾਰਤੀ ਸਿਆਸੀ ਢਾਂਚੇ ਵਿਚ ਸੁਤੰਤ੍ਰ ਸਭਿਆਚਾਰਕ ਪਛਾਣ ਨੂੰ ਸਹੂਲਤ ਅਤੇ ਸਿਆਸਤ ਮੁਤਾਬਿਕ ਤਾਂ ਮਾਨਤਾ ਦਿੱਤੀ ਗਈ ਹੈ ਪਰੰਤੂ ਇਸਦੇ ਅਸਲ ਅਧਿਆਤਮਕ ਅਤੇ ਭਾਸ਼ਾਈ ਆਧਾਰ ਪੈਦਾ ਹੀ ਨਹੀਂ ਹੋਣ ਦਿੱਤੇ ਗਏ । ਇਸੇ ਵਿਚੋਂ ਭਾਰਤ ਵਿਚ ਘੱਟ ਗਿਣਤੀ ਭਾਈਚਾਰੇ, ਲਗਾਤਾਰ ਬੇਗਾਨਗੀ ਵਲ ਧੱਕੇ ਜਾਂਦੇ ਰਹੇ ਹਨ । ਇਸਦੇ ਸਿੱਟੇ ਵਜੋਂ ਲਗਾਤਾਰ ਸਿਆਸੀ ਸੰਕਟ ਵੀ ਪੈਦਾ ਹੁੰਦੇ ਰਹੇ ਹਨ । ਮੇਰਾ ਮਨਸਾ ਤੁਹਾਨੂੰ ਸਭ ਨੂੰ ਇਸ ਨੁਕਤੇ ਤੇ ਲਿਆਉਣ ਦਾ ਹੈ ਕਿ **ਜਿਸ ਬੁੱਧੀਜੀਵੀ ਵਰਗ ਨੇ ਅਜਿਹਾ ਸ਼ੀਸ਼ਾ ਲਭਣਾ ਸੀ, ਜਿਸ ਵਿਚੋਂ ਆਪਣੀ ਪਛਾਣ ਨੂੰ ਨਿਹਾਰਿਆ ਜਾ ਸਕਣਾ ਸੀ, ਉਹ ਅਜੇ ਤਕ ਨਹੀਂ ਲਭਿਆ ਜਾ ਸਕਿਆ ।** ਗੱਲ ਕਸੂਰ-ਵਾਰ ਸਥਾਪਤ ਕਰਨ ਦੀ ਨਹੀਂ ਹੋ ਰਹੀ ਸਗੋਂ ਇਹ ਕਹਿਣ ਦਾ ਯਤਨ ਕੀਤਾ ਜਾ ਰਿਹਾ ਹੈ ਕਿ ਵਿਦਵਤਾ ਦੀ ਖਿੜਕੀ ਵਿਚੋਂ ਹੀ ਸੱਚ ਨੂੰ ਵੇਖਿਆ ਜਾ ਸਕਦਾ ਹੈ । ਇਸੇ ਲਈ ਕਿਸੇ ਵੀ ਕੌਮੀਅਤ ਦੇ ਨੁਮਾਇੰਦਾ ਵਿਦਵਾਨਾਂ ਦੀ ਜ਼ੁੰਮੇਵਾਰੀ ਵਿਚਾਰਧਾਰਕ ਆਧਾਰ ਉੱਤੇ ਪਛਾਣ ਬਾਰੇ ਪੈਦਾ ਹੋਣ ਵਾਲੇ ਸ਼ੰਕਿਆਂ ਦੀਆਂ ਸੰਭਾਵਨਾਵਾਂ ਨੂੰ ਦੂਰ ਕਰਨਾ ਹੁੰਦਾ ਹੈ । ਪੰਜਾਬੀ-ਪਛਾਣ ਨੂੰ ਨਿਖਾਰਨ ਵਾਲੇ ਇਸ ਰਸਤੇ ਉਤੇ ਅਜੇ ਅਸੀਂ ਤੁਰਨਾ ਹੈ ।

ਇਕ ਹੋਰ ਗੱਲ ਮੈਂ ਤੁਹਾਡੇ ਨਾਲ ਸਾਂਝੀ ਕਰਨਾ ਚਾਹੁੰਦਾ ਹਾਂ । ਸਿੱਖ ਵਿਦਵਾਨ ਅਤੇ ਸਿੱਖ ਪਰਚਾਰਕ ਇਕੱਠੇ ਨਹੀਂ ਤੁਰ ਸਕੇ ਅਤੇ ਸਿੱਟਾ ਇਹ ਨਿਕਲਿਆ ਹੈ ਕਿ ਜ਼ੁੰਮੇਵਾਰੀ ਨਾਲ ਗੱਲ ਕਰਨ ਦਾ ਸਲੀਕਾ ਹੀ ਪੈਦਾ ਨਹੀਂ ਹੋਇਆ । ਇਸਦਾ ਇਕ ਸਿੱਟਾ ਇਹ ਵੀ ਨਿਕਲਿਆ ਹੈ ਕਿ ਮੇਰੀ ਕੌਮ ਦਾ ਕੋਈ ਵੀ ਵਰਗ ਆਪਣੇ ਆਪਣੇ ਕਿੱਤੇ ਨਾਲ ਸੰਤੁਸ਼ਟ ਨਹੀਂ ਹੈ । ਇਸ ਹਾਲਤ ਵਿਚ ਚੇਤੰਨ ਵਰਗ ਦੀ ਜ਼ੁੰਮੇਵਾਰੀ ਵੱਧ ਗਈ ਹੈ ਕਿਉਂਕਿ ਇਹ ਫੈਸਲਾ ਤਾਂ ਕਰਨਾ ਹੀ ਪਵੇਗਾ ਕਿ ਕਿਸ ਵਰਗ ਦਾ ਪ੍ਰਤੀਨਿਧ ਕੌਣ ਹੈ ? ਪ੍ਰਤੀਨਿਧ ਹੋਣ

ਲਈ ਕਿਹੋ ਜਿਹੀ ਯੋਗਤਾ ਦੀ ਲੋੜ ਹੈ ? ਖੇਰਾ ਖਿੰਝੀ ਵਾਲੀ ਬਿਰਤੀ ਨੂੰ ਕਿਥੋਂ ਤੱਕ ਬਰਦਾਸ਼ਤ ਕਰਨਾ ਹੈ ? ਏਸੇ ਵਿਚੋਂ ਹੀ ਇਹ ਪਤਾ ਲੱਗ ਜਾਵੇਗਾ ਕਿ ਕਿਸਨੇ ਕਿਸਨੂੰ ਫਿਹਲ ਕੀਤਾ ਹੈ ? ਸੰਗਤੀ-ਜੁਗਤਿ ਰਾਹੀਂ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਲੱਭਣੇ ਔਖੇ ਨਹੀਂ ਹਨ । ਸਿੱਖ ਭਾਈਚਾਰੇ ਵਿਚ ਲੀਡਰ ਨੂੰ ਲੀਡਰ ਮੰਨ ਲੈਣ ਦਾ ਸਲੀਕਾ ਵੀ ਪੈਦਾ ਨਹੀਂ ਹੋ ਸਕਿਆ । ਸਿੱਖ ਜੁਗਤਿ ਵਿਚ ਸਪੱਸ਼ਟ ਹੈ ਕਿ ਲੀਡਰਸ਼ਿਪ ਕੌਮਾਂ ਦੀ ਰੀਝ ਦੀ ਨੁਮਾਇੰਦਗੀ ਦਾ ਨਾਮ ਹੈ । ਲੀਡਰਸ਼ਿਪ ਨੂੰ ਲਾਇਸੈਂਸ ਜਾਂ ਪੱਕੀ ਸਨਦ ਵਰਗਾ ਬੈਅਨਾਮਾ ਨਹੀਂ ਸਮਝਿਆ ਜਾ ਸਕਦਾ । ਲੀਡਰਸ਼ਿਪ ਨੂੰ ਸਿੱਖੀ ਭਾਵਨਾ ਅਨੁਸਾਰ ਦੈਵੀ ਅਧਿਕਾਰ ਵੀ ਨਹੀਂ ਸਮਝਿਆ ਜਾ ਸਕਦਾ । ਜੇ ਏਨੀ ਕੁ ਗੱਲ ਵੀ ਸਮਝ ਲਈ ਜਾਵੇ ਤਾਂ ਸੰਗਤੀ ਵਰਤਾਰੇ ਦਾ ਮਾਨ ਰੱਖਣ ਦਾ ਸੁਭਾਅ ਪੈਦਾ ਹੋ ਸਕਦਾ ਹੈ । ਇਸ ਆਪਾਧਾਪੀ ਵਾਲੇ ਰਵੱਈਏ ਨੇ ਸਿੱਖ-ਪਛਾਣ ਨੂੰ ਖੋਰਾ ਲਾਇਆ ਹੈ । ਇਸ ਖੋਰੇ ਦਾ ਹੀ ਸਿੱਟਾ ਹੈ ਕਿ ਸਿੱਖ ਭਾਈਚਾਰਾ ਆਪਣੀ ਬੋਲੀ ਅਤੇ ਸਭਿਆਚਾਰ ਵਲੋਂ ਨ ਕੇਵਲ ਅਵੇਸਲਾ ਹੋ ਗਿਆ ਹੈ ਸਗੋਂ ਦਿਨੋ ਦਿਨ ਕੁਮਰਾਹ ਵੀ ਹੁੰਦਾ ਜਾ ਰਿਹਾ ਹੈ ।

(ਪੰਜਵੀਂ ਵਿਸ਼ਵ-ਪੰਜਾਬੀ ਕਾਨਫਰੰਸ ਮਿਲਵਾਕੀ (ਅਮਰੀਕਾ)
੧੯ ਤੋਂ ੨੧ ਜੁਲਾਈ, ੧੯੯੭ ਵਿਚ ਦਿੱਤਾ ਭਾਸ਼ਨ ।)

ਟ੍ਰੈਕਟ ਨੰ. 469

ਹੇਠ ਲਿਖਿਆਂ ਦੀ ਸਹਾਇਤਾ ਤੇ ਵਿਸ਼ੇਸ਼ ਸਹਿਯੋਗ ਨਾਲ ਛਾਪਿਆ ਗਿਆ :

1. ਸ੍ਰੀ ਗੁਰੂ ਸਿੰਘ ਸਭਾ, ਪਟਿਆਲਾ ।
2. ਸ. ਨਰਿੰਦਰਪਾਲ ਸਿੰਘ, ਨਿਰਮਲ ਵਿਹਾਰ, ਨਵੀਂ ਦਿਲੀ ।
3. ਸ. ਜੁਗਿੰਦਰ ਸਿੰਘ, ਸਰਦਾਰਨੀ ਹਰਜੀਤ ਕੌਰ ਬੂਟਾ ਸਿੰਘ ਵਾਲਾ (ਪਟਿਆਲਾ)
4. ਸ. ਗੁਰਚਰਨ ਸਿੰਘ ਜੌਲੀ, ਮਹੀਮ, ਮੁੰਬਈ ।
5. ਸ. ਸੁਰਿੰਦਰਪਾਲ ਸਿੰਘ ਸੋਨੀ ਤੇ ਸਰਦਾਰਨੀ ਕਿਰਨ ਕੌਰ, ਨਵੀਂ ਦਿਲੀ ।